Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
*Conditions Apply
20 Maritime Blvd. Unit #11, Brampton, L6S0C2

Vol 18 * Issue 20 | Daily Newspaper Wednesday, January 30, 2019 | Tel: 905-793-2202 Fax: 905-793-2282 news@punjabipost.ca

# ਫੈਡਰਲ ਸਰਕਾਰ ਨਾਲ ਸੁਖਾਵੇਂ ਸਬੰਧ ਚਾਹੁੰਦੇ ਹਨ ਵੱਡੇ ਸ਼ਹਿਰਾਂ ਦੇ ਮੇਅਰ

ਓਟਵਾ, 29 ਜਨਵਰੀ (ਪੋਸਟ ਬਿਊਰੋ) : ਕੈਨੇਡਾ ਦੇ ਕਈ ਵੱਡੇ ਸ਼ਹਿਰਾਂ ਦੇ ਮੇਅਰਜ਼ ਨੇ ਚੋਣਾਂ ਦੇ ਸਾਲ ਦੌਰਾਨ ਫੈਡਰਲ ਸਰਕਾਰ ਨਾਲ ਆਪਣੇ ਸਬੰਧਾਂ ਨੂੰ ਨਵੇਂ ਸਿਰੇ ਤੋਂ ਸੁਧਾਰਨ ਲਈ ਅਪੀਲ ਕੀਤੀ ਹੈ। ਅਜਿਹਾ ਕੁੱਝ ਪ੍ਰੋਵਿੰਸਾਂ ਤੇ ਫੈਡਰਲ ਸਰਕਾਰ ਦਰਮਿਆਨ ਵਧ ਰਹੇ ਤਣਾਅ ਕਾਰਨ ਕੀਤਾ ਗਿਆ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵੀ ਇਹ ਸਵੀਕਾਰ ਕੀਤਾ ਹੈ ਕਿ ਇਸ ਤਰ੍ਹਾਂ ਦੇ ਹਾਲਾਤ ਕਾਰਨ ਉਨ੍ਹਾਂ ਦੀਆਂ ਚੁਣੌਤੀਆਂ ਵੱਧ ਰਹੀਆਂ ਹਨ।



ਫੈਡਰੇਸ਼ਨ ਆਫ ਕੈਨੇਡੀਅਨ ਮਿਊਂਸਪੈਲਿਟੀਜ਼ ਦੇ ਮੇਅਰ ਦੇ ਕਾਕਸ ਨੇ ਓਟਵਾ ਵਿੱਚ ਟਰੂਡੋ ਤੇ ਕੈਬਨਿਟ ਦੇ ਤਿੰਨ ਹੋਰਨਾਂ ਮੰਤਰੀਆਂ ਨਾਲ ਮੁਲਾਕਾਤ ਕੀਤੀ ਤਾਂ ਕਿ ਅਗਲੇ ਫੈਡਰਲ ਬਜਟ ਲਈ ਬੇਨਤੀ ਕੀਤੀ ਜਾ ਸਕੇ। ਜ਼ਿਕਰਯੋਗ ਹੈ ਕਿ ਟਰੂਡੋ ਦੀ ਲਿਬਰਲ ਪਾਰਟੀ ਦੇ ਕਈ ਪ੍ਰੋਵਿੰਸਾਂ, ਜਿਨ੍ਹਾਂ ਵਿੱਚ ਓਨਟਾਰੀਓ ਵੀ ਸ਼ਾਮਲ ਹੈ, ਨਾਲ ਕਈ ਮੁੱਦਿਆਂ ਜਿਵੇਂ ਕਿ ਵਾਤਾਵਰਣ ਵਿੱਚ ਹੋਣ ਵਾਲੀਆਂ ਤਬਦੀਲੀਆਂ ਸਬੰਧੀ ਰਣਨੀਤੀ ਬਾਰੇ ਮਤਭੇਦ ਹਨ। ਮਿਊਂਸਪਲ ਆਗੂਆਂ ਨੂੰ ਇਹ ਡਰ ਹੈ ਕਿ ਇਸ ਤਰ੍ਹਾਂ ਦੇ ਤਣਾਅ ਕਾਰਨ ਰਫਿਊਜੀ ਸੈਟਲਮੈਂਟ ਆਦਿ ਵਰਗੀਆਂ ਕਈ ਪਹਿਲਕਦਮੀਆਂ ਨੂੰ ਢਾਹ ਲੱਗ ਸਕਦੀ ਹੈ। ਇਸ ਤਰ੍ਹਾਂ ਦੇ ਮੁੱਦਿਆਂ ਉੱਤੇ ਸਰਕਾਰ ਦੇ ਤਿੰਨਾਂ ਪੱਧਰਾਂ ਵਿਚਾਲੇ ਗੱਲਬਾਤ ਹੋਣੀ ਜ਼ਰੂਰੀ ਹੈ।

ਮੇਅਰਜ਼ ਦੇ ਕਾਕਸ ਦੇ ਚੇਅਰ ਐਡਮੰਟਨ ਦੇ ਮੇਅਰ ਡੌਨ ਆਈਵਸਨ ਨੇ ਆਖਿਆ ਕਿ ਸਾਨੂੰ ਉਨ੍ਹਾਂ ਪ੍ਰੋਵਿੰਸਾਂ ਬਾਰੇ ਵੀ ਸੋਚ ਵਿਚਾਰ ਕਰਨਾ ਚਾਹੀਦਾ ਹੈ ਜਿਹੜੀਆਂ ਸਹਿਯੋਗ ਨਹੀਂ ਦੇ ਰਹੀਆਂ। ਮੰਦਭਾਗੀ ਗੱਲ ਇਹ ਹੈ ਕਿ ਇਸ ਤਰ੍ਹਾਂ ਦੀਆਂ ਪ੍ਰੋਵਿੰਸਿਜ਼ ਦੀ ਗਿਣਤੀ ਜ਼ਿਆਦਾ ਹੈ। ਇਸ ਦੌਰਾਨ ਮੇਅਰਜ਼ ਨੇ ਆਖਿਆ ਕਿ ਫੋਰਮ ਦਾ ਮੰਨਣਾ ਹੈ ਕਿ ਸਿਟੀਜ਼ ਨੂੰ ਦਰਪੇਸ਼ ਮੁੱਦਿਆਂ ਵਿੱਚ ਰਫਿਊਜੀਆਂ, ਨਸ਼ਿਆਂ ਦੀ ਲਤ ਆਦਿ ਕਾਫੀ ਗੁੰਝਲਦਾਰ ਹਨ।

## ਕਿਊਬਿਕ ਤੋਂ ਲਿਬਰਲ ਐਮਪੀ ਡੀ ਲੋਰੀਓ ਨੇ ਦਿੱਤਾ ਅਸਤੀਫਾ



ਓਟਵਾ, 29 ਜਨਵਰੀ (ਪੋਸਟ ਬਿਊਰੋ) : ਕਈ ਮਹੀਨਿਆਂ ਤੋਂ ਛੁੱਟੀ ਉੱਤੇ ਚੱਲ ਰਹੇ ਲਿਬਰਲ ਐਮਪੀ ਨਿਕੋਲਾ ਡੀ ਲੋਰੀਓ ਨੇ ਆਖਿਰਕਾਰ ਮੈਂਬਰ ਪਾਰਲੀਆਮੈਂਟ ਦੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ।

ਮੰਗਲਵਾਰ ਨੂੰ ਪ੍ਰਸ਼ਨ ਕਾਲ ਤੋਂ ਠੀਕ ਪਹਿਲਾਂ ਹਾਊਸ ਆਫ ਕਾਮਨਜ਼ ਦੇ ਸਪੀਕਰ ਜੈਫ ਰੀਗਨ ਨੇ ਉਨ੍ਹਾਂ ਦੀ ਸੀਟ ਖਾਲੀ ਹੋਣ ਦਾ ਐਲਾਨ ਕੀਤਾ। ਉਨ੍ਹਾਂ ਦੱਸਿਆ ਕਿ ਕਿਊਬਿਕ ਦੇ ਐਮਪੀ ਨੇ ਉਸੇ ਦਿਨ ਸਵੇਰ ਸਮੇਂ ਉਨ੍ਹਾਂ ਨੂੰ ਆਪਣੇ ਇਸ ਫੈਸਲੇ ਦੀ ਜਾਣਕਾਰੀ ਦਿੱਤੀ ਸੀ। ਇਹ ਉਸ ਸਮੇਂ ਹੋਇਆ ਜਦੋਂ ਮੰਗਲਵਾਰ ਸਵੇਰੇ ਡੀ ਲੋਰੀਓ ਹਾਊਸ ਵਿਖੇ ਪਹੁੰਚੇ ਤੇ ਉਨ੍ਹਾਂ ਅਲਵਿਦਾ ਆਖਣ ਵਾਲੇ ਲਹਿਜੇ ਵਿੱਚ ਭਾਸ਼ਣ ਦੇਣਾ ਸ਼ੁਰੂ ਕੀਤਾ। ਇਸ ਨਾਲ ਉਨ੍ਹਾਂ ਦੇ ਕਈ ਸਾਥੀ ਹੈਰਾਨ ਹੋ ਗਏ। ਪਰ ਉੱਥੇ ਉਨ੍ਹਾਂ ਆਪਣੇ ਵੱਲੋਂ ਦਿੱਤੇ ਜਾਣ ਵਾਲੇ ਅਸਤੀਫੇ ਦੀ ਕੋਈ ਗੱਲ ਨਹੀਂ ਕੀਤੀ।

ਇਸ ਤੋਂ ਉਲਟ ਉਨ੍ਹਾਂ ਦੀਆਂ ਟਿੱਪਣੀਆਂ ਆਪਣੇ ਅਕਸ ਦੇ ਪੱਖ ਵਿੱਚ ਸਨ। ਇਸ ਦੇ ਨਾਲ ਹੀ ਉਨ੍ਹਾਂ ਅਸਤੀਫੇ ਵਿੱਚ ਦੇਰ ਕੀਤੇ ਜਾਣ ਲਈ ਐਨਡੀਪੀ ਵੱਲੋਂ ਪਾਰਲੀਮਾਨੀ ਜਾਂਚ ਕਰਵਾਏ ਜਾਣ ਦੀ ਮੰਗ ਉੱਤੇ ਵੀ ਆਪਣਾ ਧਿਆਨ ਕੇਂਦਰਿਤ ਕੀਤਾ। ਡੀ ਲੋਰੀਓ ਨੇ ਇਹ ਫੈਸਲਾ ਕੀਤਾ ਹੋਇਆ ਸੀ ਕਿ ਜਦੋਂ ਹੀ ਹਾਊਸ ਦੀ ਕਾਰਵਾਈ ਸ਼ੁਰੂ ਹੋਵੇਗੀ ਉਹ ਉਦੋਂ ਹੀ ਅਸਤੀਫਾ ਦੇ ਦੇਣਗੇ।

...ਬਾਕੀ ਪੰਨਾ 6 ’ਤੇ

## ਬਰੈਂਪਟਨ ਵਾਸੀਆਂ ਲਈ ਗੋ ਐਕਸਪ੍ਰੈੱਸ ਟਰੇਨ ਮੁੜ ਸ਼ੁਰੂ ਕੀਤੇ ਜਾਣ ਦੇ ਫੈਸਲੇ ਦਾ ਸੰਧੂ ਤੇ ਸਰਕਾਰੀਆ ਵੱਲੋਂ ਸਵਾਗਤ





ਬਰੈਂਪਟਨ, 29 ਜਨਵਰੀ (ਪੋਸਟ ਬਿਊਰੋ) : ਬਰੈਂਪਟਨ ਵੈਸਟ ਤੋਂ ਐਮਪੀਪੀ ਅਮਰਜੋਤ ਸੰਧੂ ਤੇ ਬਰੈਂਪਟਨ ਸਾਊਥ ਤੋਂ ਐਮਪੀਪੀ ਪ੍ਰਭਮੀਤ ਸਿੰਘ ਸਰਕਾਰੀਆ ਨੇ ਮੈਟਰੋਲਿੰਕਸ ਦੇ ਉਸ ਐਲਾਨ ਦਾ ਸਵਾਗਤ ਕੀਤਾ ਜਿਸ ਵਿੱਚ ਆਖਿਆ ਗਿਆ ਹੈ ਕਿ ਸ਼ਾਮੀਂ 4:50 ਵਾਲੀ ਗੋ ਐਕਸਪ੍ਰੈੱਸ ਟਰੇਨ ਗੋ ਟਰਾਂਜ਼ਿਟ ਕਿਚਨਰ ਲਾਈਨ ਉੱਤੇ ਮੁੜ ਸ਼ੁਰੂ ਹੋਣ ਜਾ ਰਹੀ ਹੈ।

ਸੰਧੂ ਨੇ ਆਖਿਆ ਕਿ ਬਰੈਂਪਟਨ ਦੇ ਲੋਕ ਸਪਸ਼ਟ ਤੇ ਪੂਰੇ ਜ਼ੋਰ ਨਾਲ ਇਸ ਬਾਰੇ ਆਪਣੀ ਰਾਇ ਦੱਸ ਚੁੱਕੇ ਹਨ। ਉਨ੍ਹਾਂ ਆਖਿਆ ਕਿ ਇਸ ਮੁੱਦੇ ਨੂੰ ਹੱਲ ਕਰਨ ਲਈ ਉਹ ਆਪਣੇ ਹਲਕਾ ਵਾਸੀਆਂ ਤੇ ਮੰਤਰੀ ਜੈੱਫ ਯੂਰੇਕ ਦੇ ਲਗਾਤਾਰ ਸੰਪਰਕ ਵਿੱਚ ਸਨ।

...ਬਾਕੀ ਪੰਨਾ 6 ’ਤੇ

## ਇਮੀਗ੍ਰੇਸ਼ਨ ਸਪਾਂਸਰਸ਼ਿਪ ਫਾਰਮ ਸਿਰਫ ਦਸ ਮਿੰਟ ਲਈ ਹੀ ਆਨਲਾਈਨ ਉਪਲਬਧ ਹੋਣ ਤੋਂ ਲੋਕ ਨਾਰਾਜ਼



ਓਟਵਾ, 29 ਜਨਵਰੀ (ਪੋਸਟ ਬਿਊਰੋ) : ਆਪਣੇ ਮਾਪਿਆਂ ਤੇ ਗ੍ਰੈਂਡਪੇਰੈਂਟਸ ਨੂੰ ਸਪਾਂਸਰ ਕਰਨ ਲਈ ਲੋੜੀਂਦਾ ਫਾਰਮ ਸਿਰਫ 10 ਮਿੰਟ ਲਈ ਹੀ ਆਨਲਾਈਨ ਮਿਲਣ ਉਪਰੰਤ ਸੈਂਕੜੇ ਇਮੀਗ੍ਰੈਂਟਸ ਵਿੱਚ ਅੰਤਾਂ ਦਾ ਰੋਹ ਪਾਇਆ ਜਾ ਰਿਹਾ ਹੈ।

2016 ਤੋਂ ਮੌਜੂਦ ਲਾਟਰੀ ਸਿਸਟਮ ਨੂੰ ਖਤਮ ਕਰਨ ਤੋਂ ਬਾਅਦ ਇਮੀਗ੍ਰੇਸ਼ਨ, ਰਫਿਊਜੀਜ਼ ਤੇ ਸਿਟੀਜ਼ਨਸ਼ਿਪ ਕੈਨੇਡਾ ਨੇ ਇਸ ਮਹੀਨੇ ਦੇ ਸ਼ੁਰੂ ਵਿੱਚ ਆਖਿਆ ਕਿ ਉਹ ਆਪਣੇ ਮਾਪਿਆਂ ਤੇ ਗ੍ਰੈਂਡਪੇਰੈਂਟੇਸ ਨੂੰ ਸਪਾਂਸਰ ਕਰਨ ਦੇ ਚਾਹਵਾਨਾਂ ਲਈ ਅਸੀਂ ਸੋਮਵਾਰ ਨੂੰ ਦੁਪਹਿਰ ਸਮੇਂ ਸੀਮਤ ਸਮੇਂ ਲਈ ਪਹਿਲ ਦੇ ਆਧਾਰ ਉੱਤੇ ਫਾਰਮ ਉਪਲਬਧ ਕਰਾਵਾਂਗੇ। ਸਮਰੱਥ ਬਿਨੈਕਾਰਾਂ ਨੇ ਦੱਸਿਆ ਕਿ ਇਹ ਫਾਰਮ ਕਾਫੀ ਲੰਮਾਂ ਹੈ ਤੇ ਕਈ ਪੇਜਾਂ ਦਾ ਹੈ। ਇਸ ਨੂੰ ਭਰਨ ਲਈ ਇਮੀਗ੍ਰੇਸ਼ਨ ਸਟੇਟਸ ਦਾ ਸਬੂਤ ਦੇਣਾ ਪੈਂਦਾ ਹੈ ਤੇ ਭਰਨ ਲਈ ਹੀ 10 ਮਿੰਟ ਦਾ ਸਮਾਂ ਲੱਗ ਜਾਂਦਾ ਹੈ।

ਰਾਜ ਗੋਪਾਲਾਕ੍ਰਿਸ਼ਨਨ ਨੇ ਦੱਸਿਆ ਕਿ ਉਸ ਨੇ ਆਨਲਾਈਨ ਇਹ ਫਾਰਮ ਭਰ ਕੇ ਜਮ੍ਹਾਂ ਕਰਵਾਉਣ ਦੀ ਕੋਸ਼ਿਸ਼ ਕੀਤੀ ਪਰ ਉਸ ਨੂੰ ਆਪਣੇ ਲੈਪਟਾਪ ਦੀ ਸਕਰੀਨ ਉੱਤੇ ਇਹ ਮੈਸੇਜ ਨਜ਼ਰ ਆਇਆ ਕਿ ਇਹ ਪ੍ਰਕਿਰਿਆ ਪਹਿਲਾਂ ਹੀ ਬੰਦ ਹੋ ਚੁੱਕੀ ਹੈ। ਉਸ ਨੇ ਖਿੱਝ ਕੇ ਆਖਿਆ ਕਿ ਇਹ ਕੋਈ ਟਾਈਪਿੰਗ ਦਾ ਹੁਨਰ ਪਰਖਣ ਦਾ ਟੈਸਟ ਹੈ? ਉਨ੍ਹਾਂ ਇਹ ਵੀ ਆਖਿਆ ਕਿ ਜੇ ਤੁਹਾਡੇ ਇਲਾਕੇ ਦੀ ਬਿਜਲੀ ਵਿੱਚ ਕੋਈ ਗੜਬੜ ਹੋਵੇ ਤੇ ਜਾਂ ਕੋਈ ਵਿਅਕਤੀ ਅਪਾਹਜ ਹੋਵੇ ਤਾਂ ਉਸ ਨਾਲ ਕੀ ਸਰਕਾਰ ਇਹ ਮਜ਼ਾਕ ਕਰ ਰਹੀ ਹੈ?

ਗੋਪਾਲਕ੍ਰਿਸ਼ਨਨ ਨੇ ਆਖਿਆ ਕਿ ਉਹ 2009 ਵਿੱਚ ਕੈਨੇਡਾ ਆਇਆ ਸੀ ਤੇ ਉਹ ਪਿਛਲੇ ਛੇ ਸਾਲਾਂ ਤੋਂ ਆਪਣੀ ਮਾਂ ਨੂੰ ਇੱਥੇ ਸੱਦਣ ਦੀ ਕੋਸ਼ਿਸ਼ ਕਰ ਰਿਹਾ ਹੈ। ਉਸ ਨੇ ਆਖਿਆ ਕਿ ਪ੍ਰਧਾਨ ਮੰਤਰੀ ਨੂੰ ਇਸ ਮਾਮਲੇ ਨੂੰ ਹੱਲ ਕਰਨਾ ਚਾਹੀਦਾ ਹੈ। ਸੋਮਵਾਰ ਦੁਪਹਿਰ ਨੂੰ ਹਜ਼ਾਰ ਤੋਂ ਵੀ ਵੱਧ ਲੋਕਾਂ ਨੇ ਇੱਕ ਆਨਲਾਈਨ ਪਟੀਸ਼ਨ ਦਾਇਰ ਕਰਕੇ ਇਹ ਮੰਗ ਕੀਤੀ ਹੈ ਕਿ 2019 ਵਿੱਚ ਇਸ ਪ੍ਰਕਿਰਿਆ ਨੂੰ ਦੁਬਾਰਾ ਸਹੀ ਕੀਤਾ ਜਾਵੇ।

Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth R.I.B.O
Address: 1550 South Gateway Rd. Suite 220 Mississauga, ON L4W 5G6

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

INSURANCE
Home, Auto, Business, Trucking, R.E.S.P, Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

ਕੀ ਤੁਸੀ ਕਾਕਰੋਚ, ਚੂੱਹੇ, ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੱਦ੍ਹ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma Open Saturday
Providing excellent quality legal services to our clients

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

MANN LAW FIRM
Real Estate Law, Business Law, Wills & Estates, Family Law, Power of Attorney, Civil Litigation, Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9 T: 905 799 9333 www.mannlawfirm.ca

HSBA TAX SERVICES
ਟੈਕਸ ਕਿਵੇਂ ਤੇ ਕਿਥੇ ਬਚਾਉਣਾ ਹੈ?
*Corporation's Registration – Federal $240, Ontario $380*
Initial Business Setup and Consultation
Personal & Corporation
Accounting & Bookkeeping Services
Tax Planning
HST, WSIB & Payroll Taxes
CRA Appeals, Audits & Notice of Objection
Cash Flow, Forecasts & Project Reports
Registered Education Saving Plans (RESPs)
Prabhjot Kaur Sr. Accountant, M.B.A
Email:info@hsbatax.com
Tel: 647-720-5278 | 20%Discount For Students, New Immigrants and Senior Citizens
100 Maritime Ontario Blvd., Unit 77, Brampton, ON L6S 0E7

ਕੀ ਤੁਸੀ ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋਂ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE
100% Customer Satisfaction
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill 647.990.3205

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

INSURANCE
Life / Disability / Critical Illness
Super Visa / Visitor / Travel /
RRSP / RESP /
SHEVINDER SIDHU Insurance Advisor
416-557-8080
shevindersidhu@gmail.com
10-7003 Steeles Ave. West, Etobicoke

SUPER VISA INSURANCE
VISITOR VISA INSURANCE
TRAVEL INSURANCE
STUDENT INSURANCE
NEW IMMIGRANT 90 DAYS MED. INSURANCE
Punjab Insurance Inc
www.punjabinsurance.ca
Sherjang Singh Rana 416-910-9000 rana@punjabinsurance.ca
10-7003 Steeles Ave West, Etobicoke, ON M9W 0A2
Harpreet Rana 416-871-3571 harpreetrana@punjabinsurance.ca

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Royal Pest Control
Residential Commercial Industrial
Specialist in Bedbugs Service
All Pest Control :
Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL (Government Approved Licensed Technician)
416 938 4598

KELLEY LAW OFFICE
Immigration, Real Estate, Family Law, Business Closing, Corporate, Wills & Estate, Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

ARISTO PEST CONTROL
RESIDENTIAL COMMERCIAL INDUSTRIAL
Expert in Bedbug & Cockroach Removal
100% removal of all pests written Guarantee
Protect yourself & your family from the Pests
Ants, Bees, Bed Bugs, Beetles, Racoons,Cockroaches, Centipedes, Flea, Hornets,Squirrel, Rats & Mice, Silverfish, Spiders
Sanket (Govt Licensed Exterminator) 647-339-3926
UNMARKED VEHICLE AVAILABLE
Email: aristopest@gmail.com www.aristopestcontrol.com

# AZ DRIVERS JOB FAIR

## SEEKING DRIVERS FOR RUNS TO U.S

Hourly Pay 100%; We are currently hiring AZ drivers for runs to US; Our drivers are the heart of our company; Come in to check out our facility, see our trucks and meet Our Team!

AZ ਡਰਾਈਵਰਾਂ ਦੀ ਲੋੜ ਹੈ, ਤਨਖਾਹ
ਹਰ ਹਫ਼ਤੇ, ਨਵੇਂ ਬਰੈਂਡ ਨਿਉ ਟਰੱਕ,
ਸ਼ਨਿੱਚਰਵਾਰ ਤੇ ਐਂਤਵਾਰ ਨੂੰ ਘਰੇ।

**Location:** Comfort Inn, 1500 Matheson Blvd, Mississauga
**Date:** Thursday, February 7th from 11 am to 7 pm

- Hourly Rates
- Direct deposit weekly
- New Automatic trucks 2017-2018
- Long term employment
- Regular customers & Regular routes.
- Home every week
- Open door policy
- Dedicated manager to help fix any issues

Bring your resume, abstract and CVOR. Cant make it to job fair?
Give us a call today at 416.742.2345 ext.4496 or email us at amanda.mangal@xtl.com

XTL TRANSPORT LOGISTICS DISTRIBUTION

XTL is an equal opportunity employer that embraces diversity in the workplace and equivalently considers applications from qualified women, men, visible minorities, aboriginal people and persons with disabilities. At XTL you will find the place that suits you!



NU WAY TOUR & TRAVELS INC.

## ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ

AIR TICKETS | CRUISES | VACATIONS | TRAVEL INSURANCE

International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

AIR CANADA, PIA, American Airlines, ETIHAD, KLM, Emirates, SWISS, BRITISH AIRWAYS, JET AIRWAYS

Travel Worry Free With Insurance
- Super Visa Insurance
- Visitor to Canada
- Trip Cancellation
- Trip Interruption

Manulife

Signature.ca





tico.ca IATA

Call Us For Guaranteed Lowest Airfare ANY Airline Time Destination Around the World

transat sunwing AIR CANADA VACATIONS WESTJET vacations

7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com





# PUNJAB SINDH FINANCE

## TRUCK/TRAILER LOAN & REFINANCE

PUNJAB SINDH FINANCE — EVERY $ MAKES A DIFFERENCE

ਨਵੇਂ ਪੁਰਾਣੇ ਟ੍ਰਕਾਂ/ਟ੍ਰੈਲਰਾਂ ਦੀ ਕੁਝ ਹੀ ਘੰਟਿਆਂ ਵਿੱਚ Financing/Refinancing ਦਾ ਪੂਰਾ ਪ੍ਰਬੰਦ

- Quick Loan Approval Guranteed
- Bad credit........ No Problem
- Low Down Payment
- Lowest Rate of Interest
- Paper Work...... Minimum
- Best Flexible Terms & Conditions

Gary Chatha
President
647.227.3385
info@punjabsindhfinance.com
905.440.0000

6665 Tomken Rd #202, Mississauga, ON L5T 2C5 (Tomken/Midway)



chatr MOBILE

# NATION-WIDE

## TALK, TEXT & DATA PLANS

FROM

# $35/MO.

NEW

NO OVERAGE CHARGES, NO TERM CONTRACTS, NO CREDIT CHECKS

LET'S GET GOING.
CHATRMOBILE.COM

VISIT OUR LOCATIONS TODAY!

379 Main St. North, Brampton, ON 2456 Lake Shore Blvd W., Etobicoke, ON

chatr AUTHORIZED DEALER

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2018

## ਅੱਜ ਨਾਮਾ

ਨੇੜੇ ਵੇਖ ਲਈ ਚੋਣ ਜਦ ਆਈ ਲੱਗਦੀ,
ਬੀਬੀ ਭੱਠਲ ਵੀ ਹੋਈ ਸਰਗਰਮ ਭਾਈ।
ਸਰਗਰਮ ਹੋ ਗਿਆ ਨਾਲੇ ਨਵਜੋਤ ਸਿੱਧੂ,
ਖੇਰ ਟੱਬਰ ਦਾ ਤੋੜਨ ਲਈ ਭਰਮ ਭਾਈ।
ਆਨੰਦਪੁਰ ਵੱਲੋਂ ਵੀ ਸੁਣੇ ਨੇ ਚਾਰ ਆਗੂ,
ਸੀਟ ਮੰਗਣ ਪਰ ਬੋਲ ਰਹੇ ਨਰਮ ਭਾਈ।
ਬਾਹਲੇ ਟਿਕਟ ਬਠਿੰਡੇ ਦੀ ਜਾਣ ਮੰਗੀ,
ਲੱਗਦਾ ਬਾਦਲਾਂ ਦੇ ਮਾੜੇ ਕਰਮ ਭਾਈ।
ਫਸਵੀ ਟੱਕਰ ਤਾਂ ਹੋਣੀ ਹੈ ਬਹੁਤ ਥਾਂਈਂ,
ਬਠਿੰਡੇ ਵਾਲੀ ਪਰ ਬਾਤ ਹੈ ਅੱਡ ਭਾਈ।
ਢੱਕਣ ਲਹਿਣਾ ਈ ਦੱਬੀਆਂ ਗਾਗਰਾਂ ਦਾ,
ਵਕਤ ਵੇਖੇ ਪਿਆ ਅੱਖੀਆਂ ਟੱਡ ਭਾਈ।

ਤੀਸ ਮਾਰ ਖਾਂ

## ਜੱਸੀ ਸਿੱਧੂ ਕਤਲ ਕਾਂਡ: ਅਦਾਲਤ ਨੇ ਮਾਂ ਅਤੇ ਮਾਮਾ ਜੇਲ੍ਹ ਭੇਜੇ



ਮਾਲੇਰਕੋਟਲਾ, 29 ਜਨਵਰੀ, (ਪੋਸਟ ਬਿਊਰੋ)- ਅਣਖ਼ ਦੇ ਨਾਂਅ ਉੱਤੇ ਸੰਨ 2000 ਵਿੱਚ ਕਤਲ ਕਰ ਦਿੱਤੀ ਗਈ ਕੈਨੇਡੀਅਨ ਨਾਗਰਿਕ ਜਸਵਿੰਦਰ ਕੌਰ ਉਰਫ਼ ਜੱਸੀ ਸਿੱਧੂ ਦੇ ਕੇਸ ਵਿੱਚ ਦੋਸ਼ੀ ਉਸ ਦੀ ਕੈਨੇਡਾ ਰਹਿੰਦੀ ਮਾਂ ਮਲਕੀਤ ਕੌਰ ਅਤੇ ਮਾਮਾ ਸੁਰਜੀਤ ਸਿੰਘ ਬਦੇਸ਼ਾ, ਜਿਨ੍ਹਾਂ ਨੂੰ ਕੈਨੇਡਾ ਪੁਲਸ ਨੇ ਪਿਛਲੇ ਵੀਰਵਾਰ ਸੰਗਰੂਰ ਪੁਲਸ ਦੇ ਹਵਾਲੇ ਕੀਤਾ ਸੀ, ਨੂੰ ਅਦਾਲਤ ਨੇ ਅੱਜ ਜੇਲ੍ਹ ਭੇਜ ਦਿੱਤਾ ਹੈ।

ਵਰਨਣ ਯੋਗ ਹੈ ਕਿ ਪੁਲਸ ਨੇ 25 ਜਨਵਰੀ ਨੂੰ ਮਾਲੇਰਕੋਟਲਾ ਦੇ ਜੱਜ ਹਰਪ੍ਰੀਤ ਸਿੰਘ ਸਿਮਕ ਦੀ ਅਦਾਲਤ ’ਚ ਪੇਸ਼ ਕਰ ਕੇ ਚਾਰ ਦਿਨਾ ਪੁਲਸ ਰਿਮਾਂਡ ਲਿਆ ਸੀ। ਅੱਜ ਪੁਲਸ ਰਿਮਾਂਡ ਖ਼ਤਮ ਹੋਣ ਉਤੇ ਪੁਲਸ ਨੇ ਅਦਾਲਤ ਵਿੱਚ ਪੇਸ਼ ਕਰ ਕੇ ਦੋਸ਼ੀਆਂ ਦਾ ਦੋ ਦਿਨ ਦਾ ਹੋਰ ਪੁਲਸ ਰਿਮਾਂਡ ਮੰਗਿਆ ਸੀ, ਪਰ ਅਦਾਲਤ ਨੇ ਬਚਾਅ ਪੱਖ ਦੀਆਂ ਦਲੀਲਾਂ ਸੁਣਨ ਪਿੱਛੋਂ ਹੋਰ ਪੁਲਸ ਰਿਮਾਂਡ ਨਾ ਦੇ ਕੇ ਦੋਵਾਂ ਨੂੰ 14 ਦਿਨ ਲਈ ਸੈਂਟਰਲ ਜੇਲ ਸੰਗਰੂਰ ਭੇਜ ਦਿੱਤਾ ਹੈ।

ਅਮਰਗੜ੍ਹ ਦੇ ਡੀ ਐੱਸ ਪੀ ਪਲਵਿੰਦਰ ਸਿੰਘ ਚੀਮਾ ਨੇ ਕਿਹਾ ਕਿ ਪੁਲਸ ਨੇ ਅਦਾਲਤ ਤੋਂ ਮੁਲਜ਼ਮਾਂ ਦਾ ਦੋ ਦਿਨ ਦਾ ਪੁਲਸ ਰਿਮਾਂਡ ਮੰਗਿਆ ਸੀ ਤਾਂ ਜੋ ਉਨ੍ਹਾਂ ਤੋਂ ਇਸ ਕੇਸ ਵਿੱਚ ਪੈਸੇ ਦੇ ਲੈਣ-ਦੇਣ ਦੀ ਜਾਣਕਾਰੀ ਲਈ ਜਾ ਸਕੇ ਪਰ ਅਦਾਲਤ ਨੇ ਦੋਵਾਂ ਨੂੰ 14 ਦਿਨਾਂ ਲਈ ਜੇਲ੍ਹ ਭੇਜ ਦਿੱਤਾ ਹੈ।

## ਆਈਸੀਸੀਸੀ ਨੇ ਮਨਾਇਆ ਭਾਰਤ ਦਾ 70ਵਾਂ ਗਣਤੰਤਰ ਦਿਵਸ

ਬਰੈਂਪਟਨ, 29 ਜਨਵਰੀ (ਪੋਸਟ ਬਿਊਰੋ) : ਇੰਡੋ ਕੈਨੇਡਾ ਚੇਂਬਰ ਆਫ ਕਾਮਰਸ ਨੇ ਸਿਟੀ ਆਫ ਬਰੈਂਪਟਨ ਐਂਡ ਇੰਡੋ ਕੈਨੇਡੀਅਨ ਹਾਰਮਨੀ ਫੋਰਮ ਦੇ ਸਹਿਯੋਗ ਨਾਲ ਬਰੈਂਪਟਨ ਸਿਟੀ ਹਾਲ ਵਿੱਚ 70ਵਾਂ ਇੰਡੀਅਨ ਰਿਪਬਲਿਕ ਡੇਅ ਮਨਾਇਆ। ਅਜਿਹਾ ਬਰੈਂਪਟਨ ਦੇ ਇਤਿਹਾਸ ਵਿੱਚ ਪਹਿਲੀ ਵਾਰੀ ਹੋਇਆ ਹੈ।

ਆਈਸੀਸੀਸੀ ਪ੍ਰੈਜ਼ੀਡੈਂਟ ਪਰਮੋਦ ਗੋਇਲ ਨੇ ਬਰੈਂਪਟਨ ਦੇ ਮੇਅਰ ਪੈਟਰਿਕ ਬ੍ਰਾਊਨ ਕਾਊਂਸਲ ਜਨਰਲ ਆਫ ਇੰਡੀਆ ਦਿਨੇਸ਼ ਭਾਟੀਆ ਨਾਲ ਸਿਟੀ ਹਾਲ ਵਿੱਚ ਤਿਰੰਗਾ ਫਹਿਰਾਇਆ। ਇਸ ਮਗਰੋਂ ਮੇਅਰ ਤੇ ਕਾਊਂਸਲ ਜਨਰਲ ਨੇ ਸਾਰਿਆਂ ਨੂੰ ਮੁਬਾਰਕਬਾਦ ਦਿੱਤੀ। ਇਸ ਮੌਕੇ ਹੋਰ ਉੱਘੀਆਂ ਹਸਤੀਆਂ ਵੀ ਮੌਜਦੂ ਸਨ ਤੇ ਸਾਰਿਆਂ ਨੇ ਇਸ ਮੌਕੇ ਦਰਸ਼ਕਾਂ ਨੂੰ ਵਧਾਈਆ ਦਿੱਤੀਆਂ।

ਇਸ ਦੌਰਾਨ ਐਮਪੀ ਸੋਨੀਆ ਸਿੱਧੂ, ਰੂਬੀ ਸਹੋਤਾ ਤੇ ਰਮੇਸ਼ ਸੰਘਾਂ ਦੇ ਨਾਲ ਨਾਲ ਐਮਪੀਪੀ ਨੀਨਾ ਟਾਂਗਰੀ, ਅਮਰਜੋਤ ਸੰਧੂ ਤੇ ਦੀਪਕ ਆਨੰਦ ਤੋਂ ਇਲਾਵਾ ਰੀਜਨਲ ਕਾਊਂਸਲਰ ਪਾਲ ਵਿਸੈਂਟੇ ਤੇ ਗੁਰਪ੍ਰੀਤ ਢਿੱਲੋਂ ਨੇ ਵੀ ਸ਼ਿਰਕਤ ਕੀਤੀ। ਇਸ ਮੌਕੇ ਆਈਸੀਸੀਸੀ ਦੇ ਮੌਜੂਦਾ ਤੇ ਸਾਬਕਾ ਬੋਰਡ ਮੈਂਬਰਜ਼ ਤੇ ਕਈ ਸਾਬਕਾ ਪ੍ਰੈਜ਼ੀਡੈਂਟਸ ਵੀ ਹਾਜ਼ਰ ਸਨ।

ਇਸ ਮੌਕੇ ਦੇਸ਼ਭਗਤੀ ਦੇ ਗੀਤਾਂ ਤੋਂ ਇਲਾਵਾ ਹੇਮੰਤ ਪਵਾਰ ਤੇ ਉਨ੍ਹਾਂ ਦੀ ਟੀਮ ਵੱਲੋਂ ਸੱਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ।


COLUMBUS TRUCK WASH
Open 7 Days
A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar) | 905-672-1635

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
DEBT CONSOLIDATION • HOME EQUITY • LOANS • HOME RENOVATION • WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ ‘ਨਾਂਹ’, ਅਸੀਂ ਕਰਾਂਗੇ ‘ਹਾਂ’
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by Upto 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5 | 416.677.0047 | Jaspal Singh Gahunia #M08006400


## ਢੀਂਡਸਾ ਨੇ ਚੁੱਪ ਤੋੜੀ: ਅਕਾਲੀ ਦਲ ਦੀ ਇਸ ਵਕਤ ਦੀ ਮੰਦੀ ਹਾਲਤ ਲਈ ਪ੍ਰਕਾਸ਼ ਸਿੰਘ ਬਾਦਲ ਜ਼ਿੰਮੇਵਾਰ



ਰੋਪੜ, 29 ਜਨਵਰੀ, (ਪੋਸਟ ਬਿਊਰੋ)- ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਪਾਰਲੀਮੈਂਟ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਆਖਰ ਆਪਣੀ ਚੁੱਪ ਤੋੜਨੀ ਸ਼ੁਰੂ ਕਰ ਦਿੱਤੀ ਹੈ। ਸ੍ਰੀ ਆਨੰਦਪੁਰ ਸਾਹਿਬ ਵਿਖੇ ਆਏ ਸੁਖਦੇਵ ਸਿੰਘ ਢੀਂਡਸਾ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਅਕਾਲੀ ਦਲ ਦੀ ਮੌਜੂਦਾ ਸਥਿਤੀ ਲਈ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਨਾਲ ਉਸ ਦੇ ਪਿਤਾ ਅਤੇ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਨੂੰ ਵੀ ਜ਼ਿੰਮੇਵਾਰ ਕਰਾਰ ਦੇ ਦਿੱਤਾ ਹੈ। ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਵੱਡੇ ਬਾਦਲ ਨੇ ਮੇਰੇ ਅਤੇ ਹੋਰ ਸੀਨੀਅਰ ਆਗੂਆਂ ਵੱਲੋਂ ਪਾਰਟੀ ਦੇ ਭਲੇ ਲਈ ਦਿੱਤੇ ਸੁਝਾਵਾਂ ਨੂੰ ਹਮੇਸ਼ਾ ਅਣਸੁਣਿਆ ਕੀਤਾ ਹੈ, ਜਿਸ ਨੇ ਹਾਲਾਤ ਵਿਗਾੜੇ ਸਨ।

ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਮੱਥਾ ਟੇਕਣ ਲਈ ਆਨੰਦਪੁਰ ਸਾਹਿਬ ਆਏ ਸੁਖਦੇਵ ਸਿੰਘ ਢੀਂਡਸਾ ਨੇ ਸਾਫ ਸ਼ਬਦਾਂ ਵਿੱਚ ਕਿਹਾ ਕਿ ਉਨ੍ਹਾਂ ਨੇ ਅਤੇ ਪਾਰਟੀ ਦੇ ਹੋਰ ਸੀਨੀਅਰ ਆਗੂਆਂ ਨੇ ਪਾਰਟੀ ਵਾਸਤੇ ਕਈ ਵਾਰ ਪ੍ਰਕਾਸ਼ ਸਿੰਘ ਬਾਦਲ ਨੂੰ ਇਹ ਬੇਨਤੀ ਕੀਤੀ ਸੀ ਕਿ ਉਹ ਪਾਰਟੀ ਦੀ ਵਾਗ ਫਿਰ ਖੁਦ ਸੰਭਾਲ ਲੈਣ, ਪਰ ਉਨ੍ਹਾਂ ਨੇ ਸਾਡੀ ਰਾਏ ਨੂੰ ਕਦੇ ਗੰਭੀਰਤਾ ਨਾਲ ਨਹੀਂ ਲਿਆ, ਜਿਸ ਦਾ ਹਸ਼ਰ ਅੱਜ ਸਾਰਿਆਂ ਦੇ ਸਾਹਮਣੇ ਹੈ ਕਿ ਅਕਾਲੀ ਆਗੂ ਪਿੰਡਾਂ ਵਿੱਚ ਵੜਨ ਜੋਗੇ ਨਹੀਂ ਰਹਿਣ ਦਿੱਤੇ ਗਏ। ਇਹ ਸਾਰਾ ਕੁਝ ਸੁਖਬੀਰ ਸਿੰਘ ਬਾਦਲ ਕਰ ਕੇ ਹੋਇਆ ਹੈ।

ਇਸ ਮੌਕੇ ਸੁਖਦੇਵ ਸਿੰਘ ਢੀਂਡਸਾ ਨੇ ਆਪਣੇ ਰਾਜਸੀ ਸਫਰ ਬਾਰੇ ਇਹ ਕਿਹਾ ਕਿ ਉਨ੍ਹਾਂ ਦਾ ਇਕੋ ਇੱਕ ਉਦੇਸ਼ ਪੰਜਾਬ ਨੂੰ ਬਚਾਉਣਾ ਹੈ, ਜਿਸ ਲਈ ਉਹ ਪੰਜਾਬ ਦੀਆਂ ਸਭ ਰਾਜਸੀ ਪਾਰਟੀਆਂ ਦੇ ਆਗੂਆਂ ਨੂੰ ਅਪੀਲ ਕਰਦੇ ਹਨ ਕਿ ਉਹ ਆਪੋ-ਆਪਣੇ ਰਾਜਸੀ ਹਿੱਤਾਂ ਤੋਂ ਉੱਪਰ ਉੱਠਣ ਅਤੇ ਪੰਜਾਬ ਦੇ ਭਲੇ ਲਈ ਕਦਮ ਚੁੱਕਣ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਅੱਜ ਸਰਕਾਰ ਨਾਂ ਦੀ ਕੋਈ ਚੀਜ਼ ਕਿਤੇ ਨਜ਼ਰ ਨਹੀਂ ਆਉਂਦੀ। ਪਿਛਲੇ ਸਾਲ ਸਾਡੇ ਪੰਜਾਬ ਦੇ ਨੌਜਵਾਨਾਂ ਨੇ ਵਿਦੇਸ਼ ਦੀਆਂ ਸੰਸਥਾਵਾਂ ਦੇ ਦਾਖਲੇ ਲੈਣ ਲਈ ਕਰੀਬ 70 ਕਰੋੜ ਰੁਪਏ ਫੀਸਾਂ ਭਰੀਆਂ ਹਨ।

ਸਾਹਮਣੇ ਆ ਰਹੀਆਂ ਲੋਕ ਸਭਾ ਚੋਣਾਂ ਬਾਰੇ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਉਹ ਪੰਜਾਬ ਹਿਤੈਸ਼ੀ ਧਿਰਾਂ ਨੂੰ ਖੁੱਲ੍ਹਾ ਸਮਰਥਨ ਦੇਣਗੇ, ਪਰ ਇਹ ਚੋਣ ਨਾ ਉਹ ਖੁਦ ਲੜਨਗੇ ਤੇ ਨਾ ਉਨ੍ਹਾਂ ਦੇ ਪਰਿਵਾਰ ਦਾ ਕੋਈ ਮੈਂਬਰ ਲੜੇਗਾ।


AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4


## ਮੌੜ ਬੰਬ ਕਾਂਡ ਦੇ ਦੋਸ਼ੀ ਫੜਨ ਲਈ ਪੁਲਿਸ ਫਿਰ ਸਰਗਰਮ ਹੋਈ

ਬਠਿੰਡਾ, 29 ਜਨਵਰੀ, (ਪੋਸਟ ਬਿਊਰੋ)- ਦੋ ਸਾਲ ਪਹਿਲਾਂ ਹੋਈਆਂ ਵਿਧਾਨ ਸਭਾ ਚੋਣਾਂ ਦੌਰਾਨ ਵਾਪਰੇ ਮੌੜ ਮੰਡੀ ਬੰਬ ਕਾਂਡ ਦੇ ਦੋਸ਼ੀਆਂ ਨੂੰ ਲੱਭਣ ਲਈ ਪੰਜਾਬ ਪੁਲਿਸ ਇੱਕ ਵਾਰ ਫਿਰ ਸਰਗਰਮ ਹੋਈ ਹੈ ਅਤੇ ਅਦਾਲਤ ਵੱਲੋਂ ਕਰੀਬ ਤਿੰਨ ਮਹੀਨੇ ਪਹਿਲਾਂ ਭਗੌੜੇ ਕਰਾਰ ਦਿਤੇ ਤਿੰਨ ਦੋਸ਼ੀਆਂ ਦੀ ਸੂਹ ਵਾਸਤੇ ਉਨ੍ਹਾਂ ਦੇ ਪੋਸਟਰ ਲਾਏ ਗਏ ਹਨ।

ਜਾਣਕਾਰ ਸੂਤਰਾਂ ਅਨੁਸਾਰ ਮੌੜ ਮੰਡੀ ਬੰਬ ਕਾਂਡ ਦੇ ਮੁੱਖ ਸਾਜਸ਼ ਕਰਤਾ ਗੁਰਤੇਜ ਸਿੰਘ ਕਾਲਾ, ਅਵਤਾਰ ਸਿੰਘ ਅਤੇ ਅਮਰੀਕ ਸਿੰਘ ਨੂੰ ਗ੍ਰਿਫ਼ਤਾਰ ਕਰਨ ਲਈ ਵਿਸ਼ੇਸ਼ ਜਾਂਚ ਟੀਮ ਦੇ ਨਾਲ ਜ਼ਿਲ੍ਹਾ ਪੁਲਿਸ ਨੇ ਵੀ ਟੀਮ ਬਣਾਈ ਹੈ। ਲੋਕ ਸਭਾ ਚੋਣਾਂ ਨੇੜੇ ਆਉਣ ਕਾਰਨ ਪੁਲਿਸ ਉੱਤੇ ਇਸ ਕੇਸ ਨੂੰ ਛੇਤੀ ਹੱਲ ਕਰਨ ਦਾ ਦਬਾਅ ਵਧੀ ਜਾਂਦਾ ਹੈ। ਇਸ ਕੇਸ ਦਾ ਮੁੱਖ ਦੋਸ਼ੀ ਸਿਰਸਾ ਵਿੱਚ ਡੇਰਾ ਸੱਚਾ ਸੌਦਾ ਦੇ ਮੁਖੀ ਦੀਆਂ ਕਾਰਾਂ ਨੂੰ ਫ਼ਿਲਮਾਂ ਵਿਚ ਵਰਤਣ ਵਾਸਤੇ ‘ਮੋਡੀਫ਼ਾਈ’ ਕਰਨ ਵਾਲੀ ਵਰਕਸ਼ਾਪ ਦਾ ਇੰਚਾਰਜ ਸੀ, ਜਿਥੇ ਇਸ ਧਮਾਕੇ ਵਾਲੀ ਮਾਰੂਤੀ ਕਾਰ ਵਿੱਚ ਉਸਨੇ ਬੈਟਰੀ ਤੇ ਪ੍ਰੈਸ਼ਰ ਕੁੱਕਰ ਫਿਟ ਕੀਤੇ ਸਨ। ਇਸ ਕਾਂਡ ਵਿੱਚ ਵਰਤਿਆ ਗਿਆ ਪ੍ਰੈਸ਼ਰ ਕੁੱਕਰ ਅਮਰੀਕ ਸਿੰਘ ਵਾਸੀ ਭੀਖੀ ਨੇ ਲਿਆਂਦਾ ਸੀ।

ਕੁਝ ਦਿਨ ਪਹਿਲਾਂ ਇਸ ਬੰਬ ਕਾਂਡ ਵਿੱਚ ਮੌੜ ਮੰਡੀ ਪੁਲਿਸ ਨੇ ਸਾਬਕਾ ਮੰਤਰੀ ਹਰਮਿੰਦਰ ਸਿੰਘ ਜੱਸੀ ਦੇ ਇੱਕ ਰਿਸ਼ਤੇਦਾਰ ਭੁਪਿੰਦਰ ਸਿੰਘ ਗੋਰਾ ਦੇ ਵੀ ਬਿਆਨ ਲਏ ਸਨ। ਇਸ ਕਾਂਡ ਦੀ ਜਾਂਚ ਲਈ ਬਣਾਈ ਵਿਸ਼ੇਸ਼ ਟੀਮ ਦੇ ਮੁਖੀ ਡੀ ਆਈ ਜੀ ਰਣਬੀਰ ਸਿੰਘ ਖਟੜਾ ਨੇ ਦੱਸਿਆ ਕਿ ਇਹੋ ਜਿਹੇ ਪੋਸਟਰ ਪਹਿਲਾਂ ਵੀ ਲਾਏ ਗਏ ਸਨ, ਪ੍ਰੰਤੂ ਲਾਹੇ ਜਾਣ ਦੇ ਕਾਰਨ ਇੱਕ ਵਾਰ ਫਿਰ ਲਾ ਦਿੱਤੇ ਗਏ ਹਨ।


UK TRUCK TRAINING CENTRE
ukttc
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Counterbalance
Air Brake Classes Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500 Off:905.673.7979
7542 Bath Rd, Mississauga, ON L4T 1L2

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼ Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ। ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ ਦਾ ਵੀ ਸ਼ਰਤੀਆ ਇਲਾਜ ਹੈ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ ਦਾ ਪੱਕਾ ਇਲਾਜ।
ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ ਜਾਂ ਰੁਕਣਾ। ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ। ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ।
ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ, ਜਿੱਦੀ ਛਾਈਆਂ ਵਰਗੀ ਨਾਮੁਰਾਦ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ। ਸਿਰ ਵਿੱਚ ਸਿਕਰੀ/dandruf ਦਾ ਪੱਕਾ ਇਲਾਜ।
Exima, ਬਵਾਸੀਰ ਦਾ ਪੱਕਾ ਇਲਾਜ ਹੈ ਅੱਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ। ਕਬਜ਼ ਦਾ ਇਲਾਜ ਤੇ ਸ਼ਰਾਬ ਛਡਣ ਦਾ ਸ਼ਰਤੀਆ ਇਲਾਜ,ਅੱਡੀਆਂ ਦੀਆਂ ਹੱਡੀਆਂ ਵੱਧ ਜਾਣਾ ਤੇ ਪੈਰਾਂ ਦੀਆਂ ਭੌਰੀਆਂ ਦਾ ਪੱਕਾ ਇਲਾਜ ਹੈ।
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
NO SIDE EFFECTS
100% Natural Cure ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593

SherGill Law Firm
Barrister, Solicitor & Notary Public
Services:
• Real Estate
• Family Law
• Residential, Commercial, Franchise
• Affidavit, Power Of Attorney & Notarization
• Criminal Law
• Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

ਬਿਜਲੀ ਦਾ ਕੋਈ ਵੀ ਛੋਟਾ/ਵਡਾ ਕੰਮ ਹੋਵੇ
• Residential/Commercial/Industrial
• Basement Electrical Wiring
• Service Panel Upgrading
• Fire Alarm
• Driveway Lights
For All Kinds of Electrical Work
Save UPTO 40 TO 50% On Your HYDRO BILL
LED Pot Lights(Indoor/Outdoor) ਲਗਵਾਓ Hydro Bill ਤੇ 40%-50% ਬਚਾਓ
Contact: Nirmal Singh Johal(Certified Electrician)647-716-2677

# ਸਿੱਧੀ ਚੁਣੌਤੀ ਪਿੱਛੋਂ ਵਿਧਾਇਕ ਜ਼ੀਰਾ ਨੇ ਡੋਪ ਟੈਸਟ ਕਰਵਾਇਆ, ਸੁਖਬੀਰ ਬਾਦਲ ਨਹੀਂ ਆਇਆ

ਫਿਰੋਜ਼ਪੁਰ, 29 ਜਨਵਰੀ, (ਪੋਸਟ ਬਿਊਰੋ)- ਹਲਕਾ ਜ਼ੀਰਾ ਤੋਂ ਕਾਂਗਰਸ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਨੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਬੀਤੇ ਸੋਮਵਾਰ ਨੂੰ ਆਪੋ ਆਪਣਾ ਡੋਪ ਟੈਸਟ ਕਰਾਉਣ ਦੀ ਚੁਣੌਤੀ ਦਿੱਤੀ ਸੀ ਤੇ ਬਾਦਲ ਅਕਾਲੀ ਦਲ ਦੀ 29 ਜਨਵਰੀ ਦੀ ਮੀਟਿੰਗ ਮੌਕੇ ਪੰਡਾਲ ਦੇ ਬਾਹਰ ਡੋਪ ਟੈਸਟ ਕਾਊਂਟਰ ਲਾਉਣ ਦਾ ਐਲਾਨ ਕੀਤਾ ਸੀ। ਮੰਗਲਵਾਰ ਦਿਨ ਚੜ੍ਹਦੇ ਸਾਰ ਇਹ ਸ਼ਹਿਰ ਭਾਰੀ ਪੁਲਿਸ ਕਾਰਨ ਛਾਉਣੀ ’ਚ ਬਦਲ ਗਿਆ। ਐੱਸ ਪੀ ਪੱਧਰ ਦੇ ਅਫਸਰਾਂ ਦੀ ਅਗਵਾਈ ਵਿੱਚ ਸੈਂਕੜੇ ਪੁਲਸ ਮੁਲਾਜ਼ਮ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਸੁਰੱਖਿਆ ਲਈ ਤਾਇਨਾਤ ਹੋਏ ਰਹੇ, ਪਰ ਸੁਖਬੀਰ ਸਿੰਘ ਬਾਦਲ ਚੁਣੌਤੀ ਦਾ ਸਾਹਮਣਾ ਕਰਨ ਨਹੀਂ ਆਏ।

ਅੱਜ ਏਥੇ ਕਾਂਗਰਸ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਨੇ ਅਕਾਲੀ ਦਲ ਬਾਦਲ ਦੀ ਵਰਕਰ ਮੀਟਿੰਗ ਤੋਂ ਢੁਕਵੇਂ ਫਾਸਲੇ ਉੱਤੇ ਡੋਪ ਟੈਸਟ ਕੈਂਪ ਲਾ ਦਿੱਤਾ। ਅਕਾਲੀ ਦਲ ਦੇ ਸਮਾਗਮ ਤੋਂ ਕੁਝ ਹਟਵਾਂ ਡੋਪ ਟੈਸਟ ਦਾ ਟੈਂਟ ਲਾ ਕੇ ਸਿਹਤ ਵਿਭਾਗ ਦੀ ਟੀਮ ਨਾਲ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਸਾਰਾ ਦਿਨ ਬੈਠੇ ਰਹੇ, ਪਰ ਸੁਖਬੀਰ ਸਿੰਘ ਬਾਦਲ ਓਥੇ ਨਹੀਂ ਆਏ। ਉਂਜ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਆਪਣੇ ਮਿੱਥੇ ਪ੍ਰੋਗਰਾਮ ਮੁਤਾਬਕ ਵਰਕਰ ਮਿਲਣੀ ਦੇ ਲਈ ਪਹੁੰਚ ਗਏ ਤੇ ਵਰਕਰਾਂ ਦੀਆਂ ਮੁਸ਼ਕਲਾਂ ਵੀ ਸੁਣੀਆਂ, ਪਰ ਚੁਣੌਤੀ ਦਾ ਸਾਹਮਣਾ ਕਰਨ ਨਹੀਂ ਆਏ।



ਵਰਨਣ ਯੋਗ ਹੈ ਕਿ ਕੁਲਬੀਰ ਸਿੰਘ ਜ਼ੀਰਾ ਦੀ ਮੰਗ ਉੱਤੇ ਸਿਹਤ ਵਿਭਾਗ ਨੇ ਡੋਪ ਟੈਸਟ ਕੈਂਪ ਲਈ ਪੰਜ ਮੈਂਬਰੀ ਟੀਮ ਬਣਾ ਦਿੱਤੀ ਸੀ। ਅੱਜ ਮੰਗਲਵਾਰ ਵਿਧਾਇਕ ਜ਼ੀਰਾ ਸਵੇਰੇ ਮਿਥੇ ਸਮੇਂ ਉੱਤੇ ਕਾਲੇ ਕੱਪੜੇ ਪਾ ਕੇ ਵਿਰੋਧ ਵਜੋਂ ਡੋਪ ਟੈਸਟ ਕਰਾਉਣ ਲਈ ਜਾ ਬੈਠੇ ਤਾਂ ਹੌਲੀ-ਹੌਲੀ ਉਨ੍ਹਾਂ ਦੇ ਸਮਰੱਥਕ ਵੀ ਇਕੱਠੇ ਹੋ ਗਏ। ਕੁਲਬੀਰ ਸਿੰਘ ਜ਼ੀਰਾ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਨੇ ਡੋਪ ਟੈਸਟ ਨਹੀਂ ਕਰਾਇਆ, ਜੇ ਉਹ ਟੈਸਟ ਕਰਾਉਂਦੇ ਤਾਂ ਪਤਾ ਲੱਗ ਜਾਂਦਾ ਕਿ ਅਮਲੀ ਕੌਣ ਹੈ। ਉਨ੍ਹਾਂ ਕਿਹਾ ਕਿ ਉਹ ਸੁਖਬੀਰ ਸਿੰਘ ਬਾਦਲ ਤੋਂ ਡੋਪ ਟੈਸਟ ਕਰਾਉਣ ਦੀ ਮੰਗ ਉਹ ਉਦੋਂ ਤਕ ਕਰੀ ਜਾਣਗੇ, ਜਦੋਂ ਤਕ ਉਹ ਆਪਣਾ ਡੋਪ ਟੈਸਟ ਨਹੀਂ ਕਰਾ ਲੈਂਦੇ।

ਇਸ ਦੌਰਾਨ ਹਲਕਾ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਨੇ ਆਪਣਾ ਡੋਪ ਟੈਸਟ ਕਰਵਾਇਆ ਤੇ ਰਿਪੋਰਟ ਮੁਤਾਬਕ ਨਸ਼ਾ ਮੁਕਤ ਪਾਏ ਗਏ।

ਨਸ਼ਿਆਂ ਵਿਰੁੱਧ ਆਵਾਜ਼ ਚੁੱਕਣ ਵੇਲੇ ਜਦੋਂ ਕੁਲਬੀਰ ਸਿੰਘ ਜ਼ੀਰਾ ਨੂੰ ਕਾਂਗਰਸ ਪਾਰਟੀ ਨੇ ਸਸਪੈਂਡ ਕਰ ਦਿੱਤਾ ਸੀ, ਓਦੋਂ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਉਨ੍ਹਾਂ ਨੂੰ ਨਸ਼ੇੜੀ ਕਿਹਾ ਸੀ। ਕੁਲਬੀਰ ਸਿੰਘ ਜ਼ੀਰਾ ਨੇ ਇਹ ਚੁਣੌਤੀ ਏਸੇ ਬਿਆਨ ਦੇ ਜਵਾਬ ਵਿੱਚ ਦਿੱਤੀ ਸੀ। ਇਸ ਦੇ ਬਾਅਦ ਜ਼ੀਰਾ ਸ਼ਹਿਰ ਵਿੱਚ ਸੁਖਬੀਰ ਸਿੰਘ ਬਾਦਲ ਦੀ ਆਮਦ ’ਤੇ ਉਨ੍ਹਾਂ ਨੇ ਡੋਪ ਟੈਸਟ ਕਰਵਾ ਕੇ ਆਪਣੇ ਆਪ ਨੂੰ ਨਸ਼ਾ ਮੁਕਤ ਸਾਬਤ ਕਰ ਕੇ ਅਗਲੀ ਚੁਣੌਤੀ ਦੇ ਦਿੱਤੀ ਹੈ। ਦੂਸਰੇ ਪਾਸੇ ਸੁਖਬੀਰ ਸਿੰਘ ਬਾਦਲ ਕਾਂਗਰਸ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਦੀ ਕਿਸੇ ਵੀ ਚੁਣੌਤੀ ਦਾ ਜਵਾਬ ਦੇਣ ਦੇ ਮੂਡ ਵਿਚ ਨਜ਼ਰ ਨਹੀਂ ਆਏ। ਉਨ੍ਹਾਂ ਡੋਪ ਟੈਸਟ ਕਾਊਂਟਰ ਤੋਂ ਦੂਰੀ ਰੱਖੀ ਅਤੇ ਅਕਾਲੀ ਵਰਕਰਾਂ ਦੀ ਗੱਲਬਾਤ ਸੁਣ ਕੇ ਵਾਪਸ ਚਲੇ ਗਏ। ਪਤਾ ਲੱਗਾ ਹੈ ਕਿ ਵਿਧਾਇਕ ਜ਼ੀਰਾ ਦੀ ਚੁਣੌਤੀ ਕਾਰਨ ਅਕਾਲੀ ਵਰਕਰਾਂ ਨੇ ਵੀ ਤਿਆਰੀ ਕਰ ਲਈ ਸੀ ਅਤੇ ਫਿਰੋਜ਼ਪੁਰ ਦਿਹਾਤੀ ਅਤੇ ਗੁਰੂ ਹਰਸਹਾਏ ਤੋਂ ਵੱਡੀ ਗਿਣਤੀ ’ਚ ਸਮਰਥਕ ਸੱਦੇ ਗਏ ਸਨ। ਕਿਸੇ ਤਰ੍ਹਾਂ ਦੇ ਟਕਰਾਅ ਦੇ ਸ਼ੱਕ ਕਾਰਨ ਪੁਲਿਸ ਵੀ ਪੂਰੀ ਸਰਗਰਮ ਸੀ ਅਤੇ ਸੈਂਕੜੇ ਮੁਲਾਜ਼ਮ ਦੋਵਾਂ ਧਿਰਾਂ ਦੇ ਵਿਚਾਲੇ ਸਨ, ਜਿਸ ਕਰ ਕੇ ਕੁਲਬੀਰ ਸਿੰਘ ਜ਼ੀਰਾ ਨੂੰ ਅਕਾਲੀ ਦਲ ਦੇ ਪ੍ਰੋਗਰਾਮ ਤੋਂ ਦੂਰ ਆਪਣਾ ਪ੍ਰਦਰਸ਼ਨ ਕਰਨਾ ਪਿਆ।

# ਅਯੁੱਧਿਆ ਮਾਮਲਾ : ਮੋਦੀ ਸਰਕਾਰ ਕਬਜ਼ੇ ਵਾਲੀ ਜ਼ਮੀਨ ਸੰਬੰਧਤ ਧਿਰਾਂ ਨੂੰ ਦੇਣ ਲਈ ਸੁਪਰੀਮ ਕੋਰਟ ਪੁੱਜੀ

ਨਵੀਂ ਦਿੱਲੀ, 29 ਜਨਵਰੀ, (ਪੋਸਟ ਬਿਊਰੋ)- ਸੁਪਰੀਮ ਕੋਰਟ ਵਿੱਚ ਚੱਲਦੇ ਅਯੁੱਧਿਆ ਕੇਸ ਵਿਚ ਅੱਜ ਨਰਿੰਦਰ ਮੋਦੀ ਸਰਕਾਰ ਨੇ ਵੱਡਾ ਦਾਅ ਖੇਡਦੇ ਹੋਏ ਅਯੁੱਧਿਆ ਵਿਚ ਰਾਮ ਜਨਮ ਭੂਮੀ-ਬਾਬਰੀ ਮਸਜਿਦ ਜ਼ਮੀਨੀ ਕੇਸ ਬਾਰੇ ਸੁਪਰੀਮ ਕੋਰਟ ਨੂੰ ਨਵੀਂ ਅਰਜ਼ੀ ਪੇਸ਼ ਕਰ ਦਿੱਤੀ ਹੈ। ਸਰਕਾਰ ਨੇ ਇਸ ਕੇਸ ਵਿਚ ਵਿਵਾਦ ਵਾਲੀ ਜ਼ਮੀਨ ਛੱਡ ਕੇ ਬਾਕੀ ਜ਼ਮੀਨ ਵਾਪਸ ਕਰਨ ਦੀ ਅਰਜ਼ੀ ਰਾਹੀਂ 67 ਏਕੜ ਜ਼ਮੀਨ ਨੂੰ ਉਸ ਦੇ ਮੁੱਢਲੇ ਮਾਲਕਾਂ ਨੂੰ ਮੋੜਨ ਦੀ ਮਨਜ਼ੂਰੀ ਮੰਗੀ ਹੈ। ਇਹ 67 ਏਕੜ ਜ਼ਮੀਨ 2.77 ਏਕੜ ਜ਼ਮੀਨ ਅਸਲੀ ਵਿਵਾਦਿਤ ਜ਼ਮੀਨ ਦੇ ਨੇੜੇ ਪੈਂਦੀ ਹੈ।

ਵਰਨਣ ਯੋਗ ਹੈ ਕਿ ਕੇਂਦਰ ਸਰਕਾਰ ਨੇ 1991 ਵਿਚ ਵਿਵਾਦਤ ਜ਼ਮੀਨ ਨੇੜਲੀ 67 ਏਕੜ ਜ਼ਮੀਨ ਅਕੁਆਇਰ ਕੀਤੀ ਸੀ। ਇਸ ਤੋਂ ਪਹਿਲਾਂ ਜ਼ਮੀਨੀ ਵਿਵਾਦ ਬਾਰੇ ਸਭ ਪਟੀਸ਼ਨਾਂ ਰੱਦ ਹੋ ਗਈਆਂ ਸਨ। ਜ਼ਮੀਨ ਅਕੁਆਇਰ ਕਰਨ ਦੇ ਸਰਕਾਰ ਦੇ ਫੈਸਲੇ ਨੂੰ ਓਦੋਂ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਗਈ ਤਾਂ ਸਾਲ 1994 ਵਿੱਚ ਕੋਰਟ ਨੇ ਇਸਮਾਈਲ ਫਾਰੂਖੀ ਕੇਸ ਵਿੱਚ ਇਸ ਦਾਅਵੇ ਦੀ ਅਰਜ਼ੀ ਬਹਾਲ ਕਰ ਦਿੱਤੀ ਤੇ ਜ਼ਮੀਨ ਕੇਂਦਰ ਸਰਕਾਰ ਕੋਲ ਰਹਿਣ ਦਾ ਆਦੇਸ਼ ਦੇ ਕੇ ਕਿਹਾ ਸੀ ਕਿ ਜਿਸ ਦੇ ਪੱਖ ’ਚ ਅਦਾਲਤ ਫੈਸਲਾ ਦੇਵੇਗੀ, ਜ਼ਮੀਨ ਉਸ ਨੂੰ ਦੇ ਦਿੱਤੀ ਜਾਵੇ। ਇਸ ਪਿੱਛੋਂ ਇਲਾਹਾਬਾਦ ਹਾਈ ਕੋਰਟ ਦੇ ਸਾਲ 2010 ਦੇ ਹੁਕਮ ਉੱਤੇ ਸੁਪਰੀਮ ਕੋਰਟ ਵਿੱਚ 14 ਪਟੀਸ਼ਨਾਂ ਪੇਸ਼ ਹੋਈਆਂ ਹਨ। ਇਲਾਹਾਬਾਦ ਹਾਈ ਕੋਰਟ ਨੇ 2.77 ਏਕੜ ਵਿਵਾਦਤ ਜ਼ਮੀਨ ਨੂੰ 3 ਧਿਰਾਂ, ਸੁੰਨੀ ਵਕਫ਼ ਬੋਰਡ, ਨਿਰਮੋਹੀ ਅਖਾੜਾ ਅਤੇ ਰਾਮਲੱਲਾ ਬਿਰਾਜਮਾਨ ਵਿਚਾਲੇ ਬਰਾਬਰ ਵੰਡਣ ਦਾ ਹੁਕਮ ਜਾਰੀ ਕਰ ਦਿੱਤਾ ਸੀ।



ਅਯੁੱਧਿਆ ਵਿਚਲੀ ਇਸ ਵਿਵਾਦਤ ਜ਼ਮੀਨ ਦੇ ਨਾਲ ਲੱਗਦੀ ਕਰੀਬ 70 ਏਕੜ ਜ਼ਮੀਨ ਕੇਂਦਰ ਸਰਕਾਰ ਦੇ ਕੋਲ ਹੈ। ਇਸ ਵਿੱਚੋਂ 2.77 ਏਕੜ ਜ਼ਮੀਨ ਬਾਰੇ ਇਲਾਹਾਬਾਦ ਹਾਈ ਕੋਰਟ ਨੇ ਫ਼ੈਸਲਾ ਦੇ ਦਿੱਤਾ ਸੀ, ਪਰ ਅਸਲ ’ਚ ਜਿਸ ਜ਼ਮੀਨ ਦਾ ਵਿਵਾਦ ਹੈ, ਉਹ ਮਸਾਂ 0.313 ਏਕੜ ਹੈ। ਸਾਲ 1993 ਵਿੱਚ ਸੁਪਰੀਮ ਕੋਰਟ ਨੇ ਇਸ ਜ਼ਮੀਨ ’ਤੇ ਸਟੇਅ ਦੇ ਦਿੱਤਾ ਅਤੇ ਕਿਸੇ ਵੀ ਤਰ੍ਹਾਂ ਦੀ ਸਰਗਰਮੀ ’ਤੇ ਰੋਕ ਲਾ ਦਿੱਤੀ ਸੀ। ਇਸ ਤੋਂ ਪਹਿਲਾਂ 1991 ਵਿੱਚ ਉੱਤਰ ਪ੍ਰਦੇਸ਼ ਦੀ ਭਾਜਪਾ ਸਰਕਾਰ ਨੇ ਵਿਵਾਦਤ ਢਾਂਚੇ ਦੇ ਨੇੜਲੀ 2.77 ਏਕੜ ਜ਼ਮੀਨ ਨੂੰ ਅਕੁਆਇਰ ਕੀਤਾ ਸੀ।

9 ਮਈ 2011 ਨੂੰ ਇਲਾਹਾਬਾਦ ਹਾਈ ਕੋਰਟ ਦੇ ਫ਼ੈਸਲੇ ’ਤੇ ਸੁਪਰੀਮ ਕੋਰਟ ਦੀ ਰੋਕ ਪਿੱਛੋਂ ਸੁਪਰੀਮ ਕੋਰਟ ਦੇ ਕੋਲ ਇਹ ਕੇਸ ਪੈਂਡਿੰਗ ਹੈ। ਨਰਿੰਦਰ ਮੋਦੀ ਸਰਕਾਰ ਚਾਹੁੰਦੀ ਹੈ ਕਿ ਵਿਵਾਦਤ ਜ਼ਮੀਨ ਛੱਡ ਕੇ ਬਾਕੀ ਹਿੱਸਾ ਰਾਮ ਜਨਮ ਭੂਮੀ ਟਰੱਸਟ ਨੂੰ ਦੇ ਦੇਣ ਲਈ ਸੁਪਰੀਮ ਕੋਰਟ ਆਗਿਆ ਦੇ ਦੇਵੇ। ਇਸ ਮਕਸਦ ਲਈ ਮੋਦੀ ਸਰਕਾਰ ਨੇ ਅੱਜ ਅਰਜ਼ੀ ਦੇ ਕੇ ਐਕਵਾਇਰ ਜ਼ਮੀਨ ਵਾਪਸ ਦੇਣ ਦੀ ਖੁੱਲ੍ਹ ਮੰਗੀ ਹੈ। ਆਯੁੱਧਿਆ ’ਚ ਰਾਮ ਮੰਦਰ ਦੀ ਉਸਾਰੀ ਪੱਖੋਂ ਮੋਦੀ ਸਰਕਾਰ ਦਾ ਇਹ ਵੱਡਾ ਕਦਮ ਹੋ ਸਕਦਾ ਹੈ ਕਿ ਜ਼ਮੀਨ ਵਾਪਸ ਕਰਨ ਪਿੱਛੋਂ ਇਸ ਦੇ ਕਿਸੇ ਹਿੱਸੇ ਉੱਤੇ ਨੀਂਹ ਪੱਥਰ ਰੱਖਣ ਦਾ ਕੰਮ ਕੀਤਾ ਜਾ ਸਕੇ। ਮੋਦੀ ਸਰਕਾਰ ਨੇ ਹਿੰਦੂ ਧਿਰਾਂ ਵਾਲੀ ਜ਼ਮੀਨ ਰਾਮਜਨਮ ਭੂਮੀ ਟਰੱਸਟ ਨੂੰ ਦੇਣ ਦੀ ਮੰਗ ਕੀਤੀ ਹੈ। ਇਸ ਬਾਰੇ ਸਰਕਾਰ ਦਾ ਕਹਿਣਾ ਹੈ ਕਿ ਵਿਵਾਦਤ ਜ਼ਮੀਨ 0.313 ਏਕੜ ਦੇ ਦਾਖਲੇ ਤੇ ਨਿਕਾਸ ਲਈ ਉਹ ਯੋਜਨਾ ਬਣਾ ਦਵੇਗੀ ਤਾਂ ਕਿ ਜਿਹੜੀ ਧਿਰ ਕੇਸ ਜਿੱਤੇ, ਉਸ ਨੂੰ 0.313 ਏਕੜ ਜ਼ਮੀਨ ’ਤੇ ਜਾਣ-ਆਉਣ ਦੀ ਪਰੇਸ਼ਾਨੀ ਨਾ ਹੋਵੇ।

# ਭੱਠਲ ਸੰਗਰੂਰ ਲੋਕ ਸਭਾ ਸੀਟ ਤੋਂ ਸਰਗਰਮ ਹੋਈ

ਚੰਡੀਗੜ੍ਹ, 29 ਜਨਵਰੀ (ਪੋਸਟ ਬਿਊਰੋ)- ਲੋਕ ਸਭਾ ਚੋਣਾਂ ਨੇੜੇ ਆਉਣ ਉੱਤੇ ਵੱਖ-ਵੱਖ ਪਾਰਟੀਆਂ ਦੇ ਵੱਡੇ ਆਗੂਆਂ ਨੇ ਸਰਗਰਮੀਆਂ ਤੇਜ਼ ਕਰ ਦਿੱਤੀਆਂ ਹਨ। ਇਸੇ ਤਹਿਤ ਪੰਜਾਬ ਦੀ ਸਾਬਕਾ ਮੁੱਖ ਮੰਤਰੀ ਬੀਬੀ ਰਜਿੰਦਰ ਕੌਰ ਭੱਠਲ ਵੱਲੋਂ ਵੀ ਜੱਦੀ ਜ਼ਿਲੇ ਸੰਗਰੂਰ ਤੋਂ ਲੋਕ ਸਭਾ ਸੀਟ ਲਈ ਜ਼ੋਰ ਨਾਲ ਸਰਗਰਮੀ ਆਰੰਭ ਕਰ ਦਿੱਤੀ ਗਈ।

ਪੰਜਾਬ ਕਾਂਗਰਸ ਦੀ ਸਾਬਕਾ ਪ੍ਰਧਾਨ ਰਹੀ ਅਤੇ ਮੌਜੂਦਾ ਸਮੇਂ ਵਿੱਚ ਪੰਜਾਬ ਯੋਜਨਾ ਬੋਰਡ ਦੀ ਸੀਨੀਅਰ ਵਾਈਸ ਚੇਅਰਪਰਸਨ (ਕੈਬਨਿਟ ਰੈਂਕ) ਬੀਬੀ ਰਜਿੰਦਰ ਕੌਰ ਭੱਠਲ ਦਾ ਕਹਿਣਾ ਹੈ ਕਿ ਉਹ ਸੰਗਰੂਰ ਲੋਕ ਸਭਾ ਹਲਕੇ ਤੋਂ ਚੋਣ ਲੜਨ ਲਈ ਪੂਰੀ ਤਰ੍ਹਾਂ ਤਿਆਰ ਹੈ, ਪਾਰਟੀ ਜੋ ਫੈਸਲਾ ਕਰੇਗੀ, ਉਹ ਸਿਰ ਮੱਥੇ ਰਹੇਗਾ। ਇਸੇ ਦੌਰਾਨ ਸੂਤਰਾਂ ਅਨੁਸਾਰ ਸੰਗਰੂਰ ਤੋਂ ਕਾਂਗਰਸ ਦੀ ਟਿਕਟ ਉੱਤੇ ਪੰਜਾਬ ਦੇ ਕੈਬਨਿਟ ਮੰਤਰੀ ਵਿਜੈ ਇੰਦਰ ਸਿੰਗਲਾ ਆਪਣੀ ਪਤਨੀ ਨੂੰ ਟਿਕਟ ਲੈ ਕੇ ਦੇਣ ਦੇ ਇੱਛੁਕ ਦੱਸੇ ਜਾਂਦੇ ਹਨ ਤੇ ਸਾਬਕਾ ਕਾਂਗਰਸੀ ਵਿਧਾਇਕ ਅਤੇ ਮੌਜੂਦਾ ਉਪ ਪ੍ਰਧਾਨ ਕੇਵਲ ਸਿੰਘ ਢਿੱਲੋਂ ਦਾ ਵੀ ਸੰਗਰੂਰ ਤੋਂ ਲੋਕ ਸਭਾ ਦੀ ਚੋਣ ਲੜਨ ਦੀ ਗੱਲ ਵੀ ਸੂਤਰਾਂ ਵੱਲੋਂ ਦੱਸੀ ਜਾ ਰਹੀ ਹੈ।

# ਆਪ ਪਾਰਟੀ ਤੋਂ ਅਸਤੀਫਾ ਦੇਣ ਪਿੱਛੋਂ ਗਾਇਕ ਜੱਸੀ ਜਸਰਾਜ ਦੀ ਕੇਜਰੀਵਾਲ ਨੂੰ ਧਮਕੀ

ਚੰਡੀਗੜ੍ਹ, 29 ਜਨਵਰੀ, (ਪੋਸਟ ਬਿਊਰੋ)- ਪੰਜਾਬੀ ਗਾਇਕ ਜੱਸੀ ਜਸਰਾਜ ਨੇ ਆਮ ਆਦਮੀ ਪਾਰਟੀ ਦੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਦਿੱਤਾ ਹੈ। ਇਸ ਮੌਕੇ ਜੱਸੀ ਜਸਰਾਜ ਨੇ ਪਾਰਟੀ ਲਈ ਨਾਰਾਜ਼ਗੀ ਪੇਸ਼ ਕਰਦਿਆਂ ਕਿਹਾ ਕਿ ਪੰਜਾਬ ’ਚ ਉਨ੍ਹਾਂ ਨੂੰ ਪਾਰਟੀ ਨੇ ਉਹ ਅਹਿਮੀਅਤ ਨਹੀਂ ਦਿੱਤੀ, ਜੋ ਉਨ੍ਹਾਂ ਨੂੰ ਮਿਲਣੀ ਚਾਹੀਦੀ ਸੀ।

ਅੱਜ ਏਥੇ ਪ੍ਰੈਸ ਕਾਨਫਰੰਸ ਦੌਰਾਨ ਜੱਸੀ ਜਸਰਾਜ ਨੇ ਕੁਝ ਰਾਜ਼ ਵੀ ਖੋਲ੍ਹੇ, ਜਿਨ੍ਹਾਂ ਨਾਲ ਪਾਰਟੀ ਦੀ ਬੇੜੀ ਡੁੱਬਣ ਲੱਗ ਗਈ ਦੱਸੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਲਈ ਅਰਵਿੰਦ ਕੇਜਰੀਵਾਲ ਦੀਆਂ ਨੀਤੀਆਂ ਸਹੀ ਨਹੀਂ, ਜਿਨ੍ਹਾਂ ਦਾ ਲਾਭ ਸੰਜੇ ਸਿੰਘ ਤੇ ਦੁਰਗੇਸ਼ ਪਾਠਕ ਨੇ ਉਠਾਇਆ ਹੈ। ਜੱਸੀ ਨੇ ਕਿਹਾ ਕਿ ਇਨ੍ਹਾਂ 2 ਆਗੂਆਂ ਕਾਰਨ ਪਾਰਟੀ ਡੁੱਬਣ ਵਾਲੀ ਹੋ ਗਈ ਹੈ। ਉਸ ਨੇ ਕਿਹਾ ਕਿ ਦੁਰਗੇਸ਼ ਪਾਠਕ ਤੇ ਸੰਜੇ ਸਿੰਘ ਵਰਗੇ ਲੋਕਾਂ ਨੂੰ ਪੰਜਾਬ ਤੋਂ ਕਰੋੜਾਂ ਰੁਪਏ ਮਿਲੇ ਤੇ ਇਨ੍ਹਾਂ ਦਾ ਦਿਮਾਗ ਖਰਾਬ ਹੋ ਗਿਆ ਤੇ ਇਹੋ ਕਾਰਨ ਹੈ ਕਿ ਪਾਰਟੀ ਨੇ ਵਾਲੰਟੀਅਰਾਂ ਦੀ ਗੱਲ ਨਹੀਂ ਸੁਣੀ, ਜਿਸ ਦਾ ਖਾਮਿਆਜ਼ਾ ਪਾਰਟੀ ਨੂੰ ਭੁਗਤਣਾ ਪਿਆ ਹੈ। ਆਮ ਆਦਮੀ ਪਾਰਟੀ ਦੀ ਮੁੱਢਲੀ ਮੈਂਬਰੀ ਛੱਡ ਚੁੱਕੇ ਗਾਇਕ ਜੱਸੀ ਜਸਰਾਜ ਨੇ ਇਸ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਨੂੰ ਧਮਕੀ ਦਿੱਤੀ ਹੈ ਕਿ ਜੇ ਆਮ ਆਦਮੀ ਪਾਰਟੀ ਨੇ ਆਪਣੀ ਕਿਸੇ ਰੈਲੀ ਵਿੱਚ ਉਨ੍ਹਾਂ ਦੇ ਗੀਤ ਚਲਾਏ ਤਾਂ ਉਨ੍ਹਾਂ ਦੀ ਕੰਪਨੀ ਇਕ ਵਾਰ ਗੀਤ ਚਲਾਉਣ ਉੱਤੇ ਇਸ ਪਾਰਟੀ ਖਿਲਾਫ ਘੱਟੋ-ਘੱਟ 5 ਕਰੋੜ ਦਾ ਦਾਅਵਾ ਕਰ ਦੇਵੇਗੀ। ਜੱਸੀ ਜਸਰਾਜ ਨੇ ਕਿਹਾ ਕਿ ਦਿੱਲੀ ਦੀਆਂ ਵਿਧਾਨ ਸਭਾ ਚੋਣਾਂ ਵੇਲੇ ਉਨ੍ਹਾਂ ਦੇ ਗਾਣੇ ਚਲਾਏ ਗਏ ਸਨ, ਜਿਨ੍ਹਾਂ ਦਾ ਪਾਰਟੀ ਨੂੰ ਬਹੁਤ ਲਾਭ ਹੋਇਆ ਸੀ।



# ਕੇਂਦਰੀ ਵਿੱਤ ਕਮਿਸ਼ਨ ਦੀ ਟੀਮ ਸੁਖਬੀਰ ਬਾਦਲ ਦੇ ਹੋਟਲ ਸੁਖ ਵਿਲਾਸ ਵਿੱਚ ਨਹੀਂ ਠਹਿਰੇਗੀ

ਚੰਡੀਗੜ੍ਹ, 29 ਜਨਵਰੀ (ਪੋਸਟ ਬਿਊਰੋ)- ਕੇਂਦਰੀ ਵਿੱਤ ਕਮਿਸ਼ਨ ਦੀ ਪੰਜਾਬ ਦੇ ਦੋ ਦਿਨਾ ਦੌਰੇ ਲਈ ਆ ਰਹੀ ਟੀਮ ਨੂੰ ਸੁਖਬੀਰ ਸਿੰਘ ਬਾਦਲ ਦੇ ਸੁਖ ਵਿਲਾਸ ਹੋਟਲ ਵਿੱਚ ਨਹੀਂ ਠਹਿਰਾਇਆ ਜਾਵੇਗਾ। ਪਹਿਲਾਂ ਪੰਜਾਬ ਸਰਕਾਰ ਦਾ ਟੀਮ ਨੂੰ ਉਥੇ ਠਹਿਰਾਉਣ ਦਾ ਪ੍ਰੋਗਰਾਮ ਸੀ, ਪਰ ਇਸ ਨੂੰ ਬਦਲ ਕੇ ਟੀਮ ਨੂੰ ਤਾਜ ਹੋਟਲ ਵਿੱਚ ਠਹਿਰਾਇਆ ਜਾਣ ਲੱਗਾ ਹੈ। ਕਮਿਸ਼ਨ ਦੇ ਕਾਫਲੇ ਨੂੰ ਅੰਮ੍ਰਿਤਸਰ ਭੇਜਣ ਲਈ 25 ਜਿਪਸੀਆਂ ਲਾਈਆਂ ਗਈਆਂ ਹਨ।

ਇਸ ਸੰਬੰਧ ਵਿੱਚ ਪੰਜਾਬ ਸਰਕਾਰ ਦੇ ਉਚ ਪੱਧਰੀ ਸੂਤਰਾਂ ਦਾ ਕਹਿਣਾ ਹੈ ਕਿ ਸੁਖ ਵਿਲਾ ਦੀ ਬੁਕਿੰਗ ਕੇਂਦਰ ਦੇ ਵਿੱਤ ਕਮਿਸ਼ਨ ਨੇ ਖੁਦ ਕਰਵਾਈ ਸੀ। ਕਮਿਸ਼ਨ ਦੀ 15 ਮੈਂਬਰੀ ਟੀਮ ਲਈ ਦੋ ਹੈਲੀਕਾਪਟਰਾਂ ਦਾ ਪ੍ਰਬੰਧ ਕੀਤਾ ਗਿਆ ਹੈ ਅਤੇ ਸਾਰਾ ਰਹਿਣ ਦਾ ਖਰਚ ਕਮਿਸ਼ਨ ਖੁਦ ਕਰ ਰਿਹਾ ਹੈ। ਵਿੱਤੀ ਸੰਕਟ ਦਾ ਸਾਹਮਣਾ ਕਰ ਰਹੀ ਪੰਜਾਬ ਸਰਕਾਰ ਇਸ ਟੀਮ ਦੀ ਖਾਤਿਰਦਾਰੀ 'ਤੇ ਹੋਰ ਭਾਰੀ ਖਰਚ ਲੱਗੀ ਹੈ ਅਤੇ ਟੀਮ ਦੇ ਭਾਰੀ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ। ਇਸ ਬਾਰੇ ਸੂਤਰਾਂ ਦਾ ਕਹਿਣਾ ਹੈ ਕਿ ਵਿੱਤ ਕਮਿਸ਼ਨ ਨੇ ਸਰਕਾਰ ਨੂੰ ਪੱਤਰ ਲਿਖਿਆ ਸੀ ਕਿ ਚੰਗੀ ਤੋਂ ਚੰਗੀ ਜਗ੍ਹਾ ਠਹਿਰਨ ਦਾ ਪ੍ਰਬੰਧ ਕੀਤਾ ਜਾਏ। ਇਸ ਦੇ ਬਾਅਦ ਸਰਕਾਰ ਨੇ ਸੁਖ ਵਿਲਾਸ ਵਿੱਚ ਠਹਿਰਾਉਣ ਦਾ ਫੈਸਲਾ ਕੀਤਾ ਸੀ, ਪ੍ਰੰਤੂ ਪਿੱਛੋਂ ਪ੍ਰੋਗਰਾਮ ਬਦਲ ਦਿੱਤਾ ਗਿਆ। ਸੂਤਰਾਂ ਦਾ ਕਹਿਣਾ ਹੈ ਕਿ ਇਸ ਫੈਸਲੇ ਨਾਲ ਨਵਾਂ ਵਿਵਾਦ ਖੜ੍ਹਾ ਹੋ ਜਾਣਾ ਸੀ ਇਸ ਲਈ ਸਰਕਾਰ ਨੇ ਇਹ ਫੈਸਲਾ ਵਾਪਸ ਲੈ ਲਿਆ ਹੈ।


# ਗਰੀਬ ਪਰਵਾਰ ਦੀ ਮਹਿਲਾ ਜ਼ਿੰਦਾ ਸਾੜ ਦਿੱਤੀ ਗਈ

ਲਹਿਰਾਗਾਗਾ, 29 ਜਨਵਰੀ (ਪੋਸਟ ਬਿਊਰੋ)- ਕੱਲ੍ਹ ਤੜਕੇ ਸਥਾਨਕ ਨਵੀਂ ਦਾਣਾ ਮੰਡੀ ਵਿਖੇ ਇੱਕ ਅੱਤ ਦੀ ਗਰੀਬ ਪਰਵਾਰ ਦੀ ਮਹਿਲਾ ਨੂੰ ਸ਼ਰਾਰਤੀ ਅਨਸਰਾਂ ਨੇ ਜ਼ਿੰਦਾ ਸਾੜ ਕੇ ਮਾਰ ਦਿੱਤਾ ਹੈ। ਮਿਲੀ ਜਾਣਕਾਰੀ ਅਨੁਸਾਰ ਢਾਹਾ ਬਰਾਦਰੀ ਨਾਲ ਸੰਬੰਧਤ ਸਲਮਾ ਪਤਨੀ ਚਮਨ ਲਾਲ, ਜੋ ਕਿ ਬਾਜ਼ਾਰ ਵਿੱਚੋਂ ਗੱਤਾ, ਕਾਗਜ਼ ਜਾਂ ਖਾਲੀ ਬੋਤਲਾਂ ਵਗੈਰਾ ਇਕੱਠੀਆਂ ਕਰ ਕੇ ਪਰਵਾਰ ਦਾ ਪਾਲਣ-ਪੋਸ਼ਣ ਕਰਦੀ ਸੀ, ਕੱਲ੍ਹ ਵੀ ਰੋਜ਼ ਵਾਂਗ ਜਦੋਂ ਸਵੇਰੇ ਕਰੀਬ ਪੰਜ ਵਜੇ ਸਥਾਨਕ ਨਵੀਂ ਦਾਣਾ ਮੰਡੀ ਵਿਖੇ ਕਾਗਜ਼ ਖਾਲੀ ਬੋਤਲਾਂ ਵਗੈਰਾ ਚੁਗਣ ਲਈ ਆਈ ਤਾਂ ਕੁਝ ਸ਼ਰਾਰਤੀ ਅਨਸਰਾਂ ਨੇ ਉਸ ਨੂੰ ਜ਼ਿੰਦਾ ਸਾੜ ਕੇ ਮਾਰ ਦਿੱਤਾ। ਘਟਨਾ ਦਾ ਪਤਾ ਚੱਲਦੇ ਸਾਰ ਥਾਣਾ ਸਦਰ ਦੇ ਮੁਖੀ ਡਾਕਟਰ ਜਗਬੀਰ ਸਿੰਘ, ਸਿਟੀ ਇੰਚਾਰਜ ਧਰਮਵੀਰ ਸਿੰਘ ਚੌਧਰੀ ਓਥੇ ਪਹੁੰਚੇ। ਮ੍ਰਿਤਕ ਮਹਿਲਾ ਨੂੰ ਇੰਨੀ ਬੇਦਰਦੀ ਨਾਲ ਮਾਰਿਆ ਗਿਆ ਸੀ ਕਿ ਉਸ ਦੀ ਪਛਾਣ ਨਹੀਂ ਹੋ ਰਹੀ ਸੀ। ਥਾਣਾ ਮੁਖੀ ਡਾਕਟਰ ਜਗਬੀਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਘਟਨਾ ਦੇ ਕੁਝ ਘੰਟਿਆਂ ਬਾਅਦ ਦੋਸ਼ੀ ਗੁਰਮੀਤ ਸਿੰਘ ਉਰਫ ਬੁਧ ਰਾਮ ਪੁੱਤਰ ਪੱਪੂ ਸਿੰਘ ਹਲਵਾਰੀ ਵਾਰਡ ਨੰਬਰ ਇੱਕ ਲਹਿਰਾਗਾਗਾ ਨੂੰ ਗ੍ਰਿਫਤਾਰ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਮੁੱਢਲੀ ਪੁੱਛਗਿੱਛ ਦੌਰਾਨ ਜ਼ਬਰਦਸਤੀ ਕਰਨ ਦੀ ਕੋਈ ਗੱਲ ਸਾਹਮਣੇ ਨਹੀਂ ਆਈ, ਫਿਰ ਵੀ ਪੁਲਸ ਬਰੀਕੀ ਨਾਲ ਘਟਨਾ ਦੀ ਜਾਂਚ ਕਰ ਰਹੀ ਹੈ।







# ਮੋਗਾ ਦੇ ਕਰਨੈਲ ਸਿੰਘ ਫਰਮਾਹ ਦਾ ਦਿਹਾਂਤ

## ਅੰਤਿਮ ਸੰਸਕਾਰ 2 ਫ਼ਰਵਰੀ ਨੂੰ ਬਰੈਂਪਟਨ 'ਚ

ਬਰੈਮਪਟਨ - (ਸੇਖਾ)ਲੰਮੇ ਸਮੇ ਤੋ ਕਨੇਡਾ ਦੇ ਸਹਿਰ ਗੁਲਫ ਦੇ ਵਸ਼ਨੀਕ ਸ੍ਰ.ਕਰਨੈਲ ਸਿੰਘ ਫਰਮਾਹ ਸਿਤੰਨਵੇਂ(97) ਸਾਲ ਦੀ ਉਮਰ ਭੋਗ ਕੇ ਹੱਸਦਾ ਖੇੜਦਾ ਪਰੀਵਾਰ ਛੱਡਕੇ ਬਰੈਮਪਟਨ ਵਿੱਚ ਸਦੀਵੀ ਵਿਛੋੜੇ ਦੇ ਗਏ ਹਨ ।ਸਰਦਾਰ ਕਰਨੈਲ ਸਿੰਘ ਫ਼ਰਮਾਹ ਦਾ ਪਿਛਲਾ ਜੱਦੀ ਸ਼ਹਿਰ ਮੋਗਾ ਸੀ ।ਉਹ ਪਿਛਲੇ ਤਕਰੀਬਨ ਚਾਲੀ ਸਾਲ ਤੋ ਕਨੇਡਾ ਦੇ ਵਸਨੀਕ ਸਨ ।ਉਹਨਾ ਦਾ ਅੰਤਿਮ ਸੰਸਕਾਰ 2 ਫਰਵਰੀ ਦਿਨ ਸਨੀਵਾਰ ਨੂੰ ਦੁਪਿਹਰ ਗਿਆਰਾਂ ਤੋਂ ਇੱਕ ਵਜੇ ਤੱਕ Bramton crematorium & Visitation centre 30 Bramwin Court, BRAMPTON, ON L6T 5G2 ਹੋਵੇਗਾ ।ਉਸ ਤੋ ਬਾਅਦ ਦੋ ਤੋ ਚਾਰ ਵਜੇ ਭੋਗ ਤੇ ਅੰਤਿਮ ਅਰਦਾਸ ਗੁਰਦੁਆਰਾ Sri Gurduara Jot Parkash Sahib Address: : 135 Sunpac Boulevard Brampton; Brampton, Ontario L6S 5Z6 ਵਿਖੇ ਹੋਵੇਗੀ।

ਗੁਰੂ ਭਾਣੇ ਵਿੱਚ



ਸਵ. ਮਾਸਟਰ ਦਰਸ਼ਨ ਸਿੰਘ ਤੇ ਹਰਜਿੰਦਰ ਕੌਰ (ਗੁਲਫ )+1 (519) 841-4180
ਸ.ਅਮਰਜੀਤ ਸਿੰਘ ਫ਼ਰਮਾਹ ਤੇ ਜਿੰਦਰਪਾਲ ਕੌਰ ਗੁਲਫ +1 (519) 654-3790
ਸ.ਮਨਜੀਤ ਸਿੰਘ ਫ਼ਰਮਾਹ ਤੇ ਜਸ਼ਵੀਰ ਕੌਰ +9194176-45568 (ਮੋਗਾ ).ਨਰਿੰਦਰਪਾਲ ਸਿੰਘ ਫ਼ਰਮਾਹ ਤੇ ਅਬਦੇਸ਼ ਕੌਰ 905-794-2951 (ਬਰੈਪਟਨ )ਬੀਬੀ ਜਗਦੀਸ਼ ਕੌਰ ਤੇ ਸਰਦਾਰ ਹਰਦੇਵ ਸਿੰਘ ਰਾਏ ਗੁਲਫ ਬੀਬੀ ਸੁਖਜੀਤ ਕੌਰ ਤੇ ਜਗਦੇਵ ਸਿੰਘ ਸਰਾ (ਗੁਲਫ ) ਤੇ ਸਮੂਹ ਪਰਿਵਾਰ (ਮੋਗਾ )

## ਪਹਿਲੀ ਮਹਿਲਾ ਸਰਕਲ ਕਬੱਡੀ ਲੀਗ

# ਕੌਮਾਂਤਰੀ ਕਬੱਡੀ ਲੀਗ ਲਈ 204 ਖਿਡਾਰਨਾਂ ਨੇ ਪੇਸ਼ ਕੀਤੀ ਦਾਅਵੇਦਾਰੀ

## 6 ਟੀਮਾਂ 'ਚ ਸ਼ਾਮਿਲ ਹੋਣ ਲਈ ਖਿਡਾਰਨਾਂ ਨੇ ਲਗਾਇਆ ਅੱਡੀ-ਚੋਟੀ ਦਾ ਜ਼ੋਰ

ਸੰਗਰੂਰ 29 ਜਨਵਰੀ ( ਸਤਪਾਲ ਖਡਿਆਲ ) - ਸਰਵਦੇਸ਼ਮ ਕਬੱਡੀ ਐਸੋਸੀਏਸ਼ਨ ਵੱਲੋਂ ਵਿਸ਼ਵ ਕਬੱਡੀ ਫੈਡਰੇਸ਼ਨ ਦੇ ਝੰਡੇ ਹੇਠ 21 ਫਰਵਰੀ ਤੋਂ ਕਰਵਾਈ ਜਾਣ ਵਾਲੀ ਔਰਤਾਂ ਦੀ ਪਹਿਲੀ ਅੰਤਰਰਾਸ਼ਟਰੀ ਸਰਕਲ ਕਬੱਡੀ ਲੀਗ ਲਈ ਦਯਾਨੰਦ ਪਬਲਿਕ ਸਕੂਲ ਈਸਾਪੁਰ ਖੇੜੀ ਵਿਖੇ ਹੋਏ ਟਰਾਇਲਾਂ 'ਚ 204 ਖਿਡਾਰਨਾਂ ਨੇ ਦਾਅਵੇਦਾਰੀ ਪੇਸ਼ ਕੀਤੀ। ਲੀਗ ਸੰਚਾਲਕ ਰੋਹਤਾਸ਼ ਸਿੰਘ ਨਾਂਦਲ ਅਤੇ ਹਰਬੀਰ ਕੌਰ ਭਿੰਡਰ ਦੀ ਅਗਵਾਈ 'ਚ ਕਰਵਾਈ ਜਾਣ ਵਾਲੀ ਲੀਗ ਦੇ ਟਰਾਇਲਾਂ ਦੌਰਾਨ ਹਰਿਆਣਾ ਪੁਲਿਸ ਦੇ ਸਾਬਕਾ ਮੁਖੀ ਮਹਿੰਦਰ ਸਿੰਘ ਮਲਿਕ, ਰਾਜਨੀਤਿਕ ਸ਼ਖਸ਼ੀਅਤ ਹਵਾ ਸਿੰਘ ਛੋਕਰ, ਜੋਗਿੰਦਰ ਸਿੰਘ ਮਲਿਕ ਤੇ ਸਮਾਜ ਸੇਵਕਾ ਕਲਿਆਣੀ ਦੇਵੀ ਨੇ ਮੁੱਖ ਮਹਿਮਾਨਾਂ ਵਜੋਂ ਸ਼ਿਰਕਤ ਕੀਤੀ।ਇਸ ਮੌਕੇ ਸ੍ਰੀ ਐਮ.ਐਸ. ਮਲਿਕ ਨੇ ਕਿਹਾ ਕਿ ਇਸ ਲੀਗ ਦਾ ਮੁੱਖ ਮਕਸਦ ਬੇਟੀ ਪੜਾਓ, ਬੇਟੀ ਬਚਾਓ ਤੇ ਬੇਟੀ ਖਿਡਾਓ ਹੈ। ਜਿਸ ਤਹਿਤ ਦੇਸ਼-ਵਿਦੇਸ਼ ਦੀਆਂ ਖਿਡਾਰਨਾਂ ਪਹਿਲੀ ਵਾਰ ਪੇਸ਼ੇਵਰ ਰੂਪ 'ਚ ਕਬੱਡੀ ਖੇਡਦੀਆਂ ਨਜ਼ਰ ਆਉਣਗੀਆਂ। ਸ੍ਰੀ ਰੋਹਤਾਸ਼ ਸਿੰਘ ਨਾਂਦਲ ਨੇ ਦੱਸਿਆ ਕਿ ਲੀਗ 'ਚ ਛੇ ਟੀਮਾਂ ਹਿੱਸਾ ਲੈਣਗੀਆਂ। ਜਿਨ੍ਹਾਂ ਨੂੰ ਵੱਖ-ਵੱਖ ਕਬੱਡੀ ਪ੍ਰਮੋਟਰਾਂ ਨੇ ਖਰੀਦ ਲਿਆ ਹੈ। ਇੰਨ੍ਹਾਂ ਟਰਾਇਲਾਂ ਦੌਰਾਨ ਪੰਜਾਬ, ਹਰਿਆਣਾ, ਦਿੱਲੀ, ਉੱਤਰ ਪ੍ਰਦੇਸ਼ ਤੇ ਰਾਜਸਥਾਨ ਤੋਂ ਪੁੱਜੀਆਂ 78 ਰੇਡਰਜ਼ ਤੇ 126 ਸਟਾਪਰਜ਼ ਨੇ ਹਿੱਸਾ ਲਿਆ। ਦੋ ਦਿਨਾਂ ਟਰਾਇਲਾਂ ਦੌਰਾਨ ਖਿਡਾਰਨਾਂ ਨੇ ਸਖਤ ਮੁਕਾਬਲੇਬਾਜ਼ੀ ਰਾਹੀਂ ਆਪਣੀ ਦਾਅਵੇਦਾਰੀ ਪੇਸ਼ ਕੀਤੀ। ਟਰਾਇਲਾਂ ਦੇ ਆਖਰੀ ਦੌਰ ਦੌਰਾਨ 48 ਰੇਡਰਜ਼ ਤੇ 48 ਸਟਾਪਰਜ਼ ਦੀ ਚੋਣ ਕੀਤੀ ਗਈ। ਟਰਾਇਲਾਂ ਲਈ ਰਿਹਾਇਸ਼ ਅਤੇ ਖੁਰਾਕ ਦਾ ਪ੍ਰਬੰਧ ਮੇਜ਼ਬਾਨ ਦਯਾਨੰਦ ਪਬਲਿਕ ਸਕੂਲ ਦੇ ਸੰਚਾਲਕ ਰਵਿੰਦਰ ਮਲਿਕ, ਫੁਲਕੁਵਾਰ ਮਲਿਕ, ਡਾ. ਸੀ.ਪੀ. ਮਲਿਕ, ਸੁਨੀਲ ਰਾਣਾ ਨੇ ਕੀਤਾ। ਟਰਾਇਲਾਂ ਦਾ ਸੰਚਾਲਨ ਸਾਬਕਾ ਜਿਲ੍ਹਾ ਖੇਡ ਅਫਸਰ ਪਲਵਿੰਦਰ ਕੌਰ ਦੀ ਅਗਵਾਈ ਵਾਲੀ ਚੋਣ ਕਮੇਟੀ ਨੇ ਕੀਤਾ। ਜਿੰਨ੍ਹਾਂ 'ਚ ਰੋਹਤਾਸ਼ ਸਿੰਘ ਨਾਂਦਲ, ਹਰਬੀਰ ਕੌਰ ਨਾਂਦਲ, ਪਰਵੀਨ ਯਾਦਵ, ਆਨੰਦ ਲਾਠਰ, ਮਹੀਪਾਲ ਸਿੰਘ, ਗੁਰਮੇਲ ਸਿੰਘ ਦਿੜਬਾ, ਬਲਕਾਰ ਘੁਮਾਣ, ਦਲਜੀਤ ਸਿੰਘ ਘਨੌਰ, ਜਸਵੀਰ ਸਿੰਘ ਕਪਿਆਲ, ਸ਼ਮਸ਼ੇਰ ਸਿੰਘ, ਪ੍ਰੋ. ਸੋਹਨਦੀਪ ਸਿੰਘ ਮਸਤੂਆਣਾ, ਕੋਚ ਸੁਰਿੰਦਰ ਸਿੰਘ ਮੱਲ੍ਹੀਆਂ ਸ਼ਾਮਲ ਸਨ। ਟਰਾਇਲਾਂ ਦੌਰਾਨ ਮੇਜ਼ਬਾਨ ਸਕੂਲ ਦੇ ਪ੍ਰਬੰਧਕਾਂ ਨੇ ਖਿਡਾਰਨਾਂ ਲਈ ਰਿਹਾਇਸ਼ ਅਤੇ ਖੁਰਾਕ ਦਾ ਪ੍ਰਬੰਧ ਕੀਤਾ। ਕਬੱਡੀ ਖਿਡਾਰਨ ਜਸਵੀਰ ਕੌਰ ਰਿੰਕੂ ,ਕਰਮਜੀਤ ਕਰਮੀ ਨੇ ਕਿਹਾ ਕਿ ਪਹਿਲੀ ਵਾਰ ਲੜਕੀਆਂ ਦੀ ਕਬੱਡੀ ਦੀ ਲੀਗ ਕਰਵਾਉਣ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ। ਟਰਾਇਲਾਂ ਦੌਰਾਨ ਕੀਤੇ ਗਏ ਮਿਆਰੀ ਪ੍ਰਬੰਧ ਦਰਸਾਉਂਦੇ ਹਨ ਕਿ ਲੀਗ ਔਰਤਾਂ ਦੀ ਕਬੱਡੀ 'ਚ ਵੱਡਾ ਮੋੜ ਸਾਬਤ ਹੋਵੇਗੀ। ਕੋਚ ਸੁਰਿੰਦਰ ਸਿੰਘ ਮੱਲ੍ਹੀਆਂ ਨੇ ਵੀ ਔਰਤਾਂ ਦੀ ਕਬੱਡੀ ਨੂੰ ਪੇਸ਼ੇਵਰ ਰੰਗਤ ਦੇਣ ਲਈ ਸਰਵਦੇਸ਼ਮ ਕਬੱਡੀ ਐਸੋਸੀਏਸ਼ਨ ਦੇ ਯਤਨਾਂ ਦੀ ਸ਼ਲਾਘਾ ਕੀਤੀ।



ਸਾਬਕਾ ਡੀ.ਜੀ.ਪੀ. ਮਹਿੰਦਰ ਸਿੰਘ ਮਲਿਕ, ਰੋਹਤਾਸ਼ ਸਿੰਘ, ਹਰਬੀਰ ਕੌਰ ਭਿੰਡਰ ਤੇ ਪ੍ਰਬੰਧਕ ਖਿਡਾਰਨਾਂ ਨਾਲ।

# ਦਿਨ ਦਿਹਾੜੇ ਮਨੀ ਐਕਸਚੇਂਜ ਦਫਤਰ ਤੋਂ ਕਾਰਿੰਦੇ ਨੂੰ ਲੁਟ ਲਿਆ

ਜਲੰਧਰ, 29 ਜਨਵਰੀ (ਪੋਸਟ ਬਿਊਰੋ)- ਇਸ ਮਹਾਨਗਰ ਦੇ ਥਾਣਾ ਚਾਰ ਦੇ ਪਾਸ਼ ਮੰਨੇ ਜਾਂਦੇ ਇਲਾਕੇ ਸ਼ਕਤੀ ਨਗਰ ਸਥਿਤ ਵੇਜੀਮਾਨ ਫੋਰੈਕਸ ਮਨੀ ਐਕਸਚੇਂਜਰ ਦਫਤਰ 'ਚ ਇੱਕ ਲੁਟੇਰਾ ਦਿਨ ਦਿਹਾੜੇ ਓਥੇ ਕੰਮ ਕਰਦੇ ਨੌਜਵਾਨ ਦੀਆਂ ਅੱਖਾਂ ਵਿੱਚ ਮਿਰਚਾਂ ਪਾ ਕੇ ਲੱਖਾਂ ਰੁਪਏ ਲੁੱਟ ਕੇ ਲੈ ਗਿਆ।

ਇਸ ਸੰਬੰਧ ਵਿੱਚ ਪੀੜਤ ਮੋਹਿਤ ਨੇ ਦੱਸਿਆ ਕਿ ਉਹ ਵੇਜੀਮਾਨ ਫੋਰੈਕਸ ਮਨੀ ਐਕਸਚੇਂਜਰ 'ਚ ਕੰਮ ਕਰਦਾ ਹੈ ਅਤੇ ਰੋਜ਼ ਵਾਂਗ ਸਵੇਰੇ 10 ਵਜੇ ਉਸ ਨੇ ਦਫਤਰ ਖੋਲ੍ਹਿਆ ਸੀ। ਇੱਕ ਨੌਜਵਾਨ ਦਫਤਰ ਵਿੱਚ ਆਇਆ। ਉਸ ਦੇ ਹੱਥ ਵਿੱਚ ਇੱਕ ਲਿਫਾਫਾ ਸੀ। ਜਦੋਂ ਉਹ ਉਸ ਨਾਲ ਗੱਲ ਕਰਨ ਲਈ ਗਿਆ ਤਾਂ ਉਸ ਨੇ ਅੱਖਾਂ ਵਿੱਚ ਮਿਰਚਾਂ ਪਾ ਦਿੱਤੀਆਂ ਤੇ ਬਕਸੇ ਵਿੱਚ ਪਏ ਲੱਖਾਂ ਰੁਪਏ ਲੁੱਟ ਕੇ ਦੌੜ ਗਿਆ। ਪੁਲਸ ਨੇ ਦੱਸਿਆ ਕਿ ਜਿਸ ਤਰ੍ਹਾਂ ਲੁਟੇਰੇ ਨੇ ਦਫਤਰ ਅੰਦਰ ਦਾਖਲ ਹੋ ਕੇ ਅੱਖਾਂ ਵਿੱਚ ਮਿਰਚਾਂ ਪਾ ਕੇ ਵਾਰਦਾਤ ਕੀਤੀ ਹੈ, ਇਹ ਕਿਸੇ ਭੇਤੀ ਦਾ ਕੰਮ ਲੱਗਦਾ ਹੈ। ਇਸ ਕਾਰਨ ਹੀ ਪੁਲਸ ਨੇ ਦਫਤਰ ਵਿੱਚ ਲੱਗੇ ਸੀ ਸੀ ਟੀ ਵੀ ਕੈਮਰੇ ਦੀ ਫੁਟੇਜ ਕਢਵਾਈ ਹੈ, ਜਿਸ ਵਿੱਚ ਸਿਰਫ ਇੱਕ ਵਿਅਕਤੀ ਨਜ਼ਰ ਆ ਰਿਹਾ ਹੈ। ਆਲੇ-ਦੁਆਲੇ ਦੇ ਕੈਮਰਿਆਂ ਦੀ ਫੁਟੇਜ ਚੈੱਕ ਕਰਵਾਈ ਜਾ ਰਹੀ ਹੈ, ਜਿਸ ਨਾਲ ਮਾਮਲਾ ਹੱਲ ਹੋ ਜਾਵੇਗਾ। ਦੇਰ ਰਾਤ ਪੁਲਸ ਨੇ ਅਣਪਛਾਤੇ ਲੁਟੇਰੇ ਖਿਲਾਫ ਪਰਚਾ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਸੀ।


Ensuring Wealth for Generations
WEFCI

ਕੀ ਤੁਹਾਡਾ Insurance ਕਰਣ ਲਈ ਨਾਂਹ ਕਰ ਦੀਤੀ ਹੈ ?

Are you looking for:
- Best rates of Life Insurance
- Good rates for mortgage Insurance
- Guaranteed Cash Back Insurance Policy
- RESP with 15% & guaranteed cash value for children



Please Contact Sagar Rana 647.262.5625
or send an email at Sagar.rana@wefci.com

Real Estate Exam Prep

ਰਿਐਲਟਰ ਬਣਨ ਦਾ ਸੁਨਿਹਰੀ ਮੌਕਾ,
ਲੰਘ ਗਿਆ ਸਮਾਂ ਹੱਥ ਨਹੀਂ ਆਉਣਾ

The Rules are changing
For Real Estate Licence

It will become a Full Time College course soon!
To Avoid going to college for 2-3 Years, Join Now

Call: 647-625-7961

Pass each exam in just 2 weeks
- Easy to Understand Material
- Important Practice Questions
- Limited Summarized Material




2250 Bovaird Dr E, Unit#407, Medical Building
Behind RBC, Sunny Meadow/Bovaird

# ਸੰਪਾਦਕੀ

## ਪੇਰੈਂਟਸ ਸਪਾਂਸਰਸ਼ਿੱਪ ਪ੍ਰਕਿਰਿਆ ਇੱਕ ਮਜ਼ਾਕ ਕਿਉਂ?

ਪੰਜ ਮਿੰਟ ਤੋਂ ਘੱਟ ਦਾ ਸਮਾਂ, ਮਾਪਿਆਂ ਨੂੰ ਸਪਾਂਸਰ ਕਰਨ ਦੀ ਇੱਛਾ ਜ਼ਾਹਰ ਕਰਨ ਲਈ 27 ਹਜ਼ਾਰ ਸਥਾਨ, 1 ਲੱਖ ਤੋਂ ਵੱਧ ਅਰਜ਼ੀਕਰਤਾ ਅਤੇ ਦੋ ਮਹੀਨੇ ਤੋਂ ਉਠ ਦੇ ਬੁੱਲ ਡਿੱਗਣ ਦੀ ਉਡੀਕ ਵਰਗੀਆਂ ਕੁੱਝ ਚੀਜਾਂ ਹਨ ਜਿਹੜੀਆਂ ਪਰਸੋਂ ਮਾਪਿਆਂ ਨੂੰ ਸਪਾਂਸਰ ਕਰਨ ਦੀ ਖਵਾਹਿਸ਼ ਰੱਖਣ ਵਾਲੇ ਇੰਮੀਗਰਾਂਟਾਂ ਦੇ ਹੱਥ ਆਈਆਂ। ਪਿਛਲੇ ਦੋ ਮਹੀਨੇ ਤੋਂ ਸਿਟੀਜ਼ਨਸ਼ਿੱਪ ਅਤੇ ਇੰਮੀਗਰੇਸ਼ਨ ਵਿਭਾਗ ਵੱਲੋਂ ਖਵਾਹਿਸ਼ ਜਾਹਰ ਕਰਨ ਲਈ ਨਵੇਂ ਲਾਗੂ ਕੀਤੇ ਗਏ 'ਐਕਸਪ੍ਰੈਸ਼ਨ ਆਫ ਇੰਟੇਰੈਸਟ' (Expression of Interest) ਸਿਸਟਮ ਨੂੰ ਇੰਝ ਪਰਚਾਰਿਆ ਜਾ ਰਿਹਾ ਸੀ ਜਿਵੇਂ ਇਹ ਸਾਰੀਆਂ ਅਲਾਮਤਾਂ ਦਾ ਇਲਾਜ ਹੋਵੇ। ਇਸ ਸਿਸਟਮ ਦਾ ਆਧਾਰ ਸੀ ਕਿ 28 ਜਨਵਰੀ 2019 ਨੂੰ ਸਰਕਾਰੀ ਵੈੱਬਸਾਈਟ ਉਹਨਾਂ ਲੋਕਾਂ ਤੋਂ ਇੱਕ ਬੁਨਿਆਦੀ ਅਰਜ਼ੀ ਲੈਣ ਲਈ ਖੋਲੀ ਜਾਵੇਗੀ ਜਿਹੜੇ ਆਪਣੇ ਪੇਰੈਂਟਸ ਜਾਂ ਗਰੈਂਡ ਪੇਰੈਂਟਸ ਨੂੰ ਸਪਾਂਸਰ ਕਰਨਾ ਚਾਹੁੰਦੇ ਹਨ। ਇਸ ਵਿੱਚ ਸਪਾਂਸਰ ਕਰਨ ਵਾਲੇ ਦਾ ਨਾਮ, ਜਨਮ ਤਾਰੀਕ, ਕਿੱਥੇ ਪੈਦਾ ਹੋਏ ਸੀ, ਈ ਮੇਲ ਐਡਰੈੱਸ, ਕਿੰਨੇ ਮੈਂਬਰ ਸਪਾਂਸਰ ਕਰਨੇ ਹਨ, ਮਾਪਿਆਂ ਦੀ ਜਨਮ ਤਾਰੀਕ ਆਦਿ ਕਿੰਨੀਆਂ ਹੀ ਤਫ਼ਸੀਲਾਂ ਦਾਖਲ ਕਰਨੀਆਂ ਸਨ।

ਕੈਨੇਡਾ ਭਰ ਵਿੱਚ ਇੱਕੋ ਹੀ ਸਮੇਂ ਖੁੱਲਣ ਵਾਲੀ ਇਹ ਪ੍ਰਕਿਰਿਆ ਇੰਝ ਸੀ ਜਿਵੇਂ ਤੁਸੀਂ 'ਐਕਸਪ੍ਰੈਸ਼ਨ ਆਫ ਇੰਟੇਰੈਸਟ' ਨਹੀਂ ਦਾਖਲ ਕਨਾ ਸਗੋਂ ਕਿਸੇ ਉਲੰਪਿਕ ਖੇਡ ਦੀ ਦੌੜ ਵਿੱਚ ਹਿੱਸਾ ਲੈਣਾ ਹੋਵੇ। ਇਸ ਅੰਨ੍ਹੀ ਦੌੜ ਬਾਰੇ ਇੰਮੀਗਰੇਸ਼ਨ ਸਲਾਹਕਾਰ ਗੁਰਪ੍ਰੀਤ ਖੈਹਰਾ ਦੀ ਪੰਜਾਬੀ ਪੋਸਟ ਕੋਲ ਕੀਤੀ ਟਿੱਪਣੀ ਰੋਚਕ ਹੈ ਕਿ ਜਿਹਨਾਂ ਪਰਵਾਸੀਆਂ ਕੋਲ ਕੰਪਿਊਟਰ ਦੀ ਜਾਚ ਨਹੀਂ ਅਤੇ ਟਾਈਪਿੰਗ ਦੀ ਚੰਗੀ ਮੁਹਾਰਤ ਨਹੀਂ, ਵੈੱਬਸਾਈਟ ਉੱਤੇ ਪਾਈਆਂ ਹਦਾਇਤਾਂ ਨੂੰ ਸਮਝਣ ਲਈ ਬਣਦੀ ਅੰਗਰੇਜ਼ੀ ਨਹੀਂ ਆਉਂਦੀ ਜਾਂ ਜਿਹਨਾਂ ਨੇ ਪਰਿਵਾਰ ਦੇ ਇੱਕ ਤੋਂ ਵੱਧ ਮੈਂਬਰਾਂ ਨੂੰ ਸਪਾਂਸਰ ਕਰਨ ਦੀ ਸੋਚੀ ਹੋਵੇਗੀ, ਉਹਨਾਂ ਵਾਸਤੇ ਇਹ ਖੇਡ ਸ਼ੁਰੂ ਹੋਣ ਤੋਂ ਪਹਿਲਾਂ ਹੀ ਸਮਾਪਤ ਹੋ ਗਈ। ਮਹਿਜ਼ ਪੰਜ ਮਿੰਟ ਤੋਂ ਵੀ ਘੱਟ ਸਮੇਂ ਵਿੱਚ ਲਿਬਰਲ ਸਰਕਾਰ ਦੇ ਨਵੇਂ ਲਾਗੂ ਕੀਤੇ ਸ਼ਗਨ ਪੂਰੇ ਹੋ ਗਏ ਸਨ। 12 ਵੱਜ ਕੇ 11 ਮਿੰਟ ਉੱਤੇ ਤਾਂ ਇੰਮੀਗਰੇਸ਼ਨ ਮਹਿਕਮੇ ਨੇ ਸਾਰੇ ਸਫ਼ਲ ਅਸਫ਼ਲ ਰਹਿਣ ਵਾਲਿਆਂ ਦਾ ਧੰਨਵਾਦ ਵੀ ਕਰ ਦਿੱਤਾ ਸੀ।

ਪਬਲਿਕ ਲਈ ਇਹ ਸਾਰਾ ਕੁੱਝ ਘੋਰ ਨਿਰਾਸ਼ਾ ਪੱਲੇ ਪਾਉਣ ਤੋਂ ਵੱਧ ਕੁੱਝ ਵੀ ਨਹੀਂ ਸੀ। ਕੀ ਲੋਕਾਂ ਨੇ ਆਪਣੇ ਬਿਜਨਸਾਂ ਜਾਂ ਦਫ਼ਤਰਾਂ ਤੋਂ ਛੁੱਟੀਆਂ ਜਾਂ ਇੰਮੀਗਰੇਸ਼ਨ ਸਲਾਹਕਾਰਾਂ ਅਤੇ ਵਕੀਲਾਂ ਨੂੰ ਮਹਿੰਗੀਆਂ ਫੀਸਾਂ ਨਿਰਾਸ਼ ਹੋਣ ਲਈ ਅਦਾ ਕੀਤੀਆਂ? ਇਸ ਨਿਰਾਸ਼ਾ ਦੇ ਸਿਲਸਲੇ ਦਾ ਆਰੰਭ ਲਿਬਰਲ ਸਰਕਾਰ ਦੇ ਅਕਤੂਬਰ 2015 ਵਿੱਚ ਸੱਤਾ ਵਿੱਚ ਆਉਣ ਤੋਂ ਬਾਅਦ ਹੋਇਆ ਜਦੋਂ ਉਹਨਾਂ ਨੇ ਪਿਛਲੀ ਸਰਕਾਰ ਦੇ ਸਿੱਧੇ ਪੱਧਰੇ 'ਸਾਲ ਵਿੱਚ 20,000 ਮਾਪਿਆਂ ਨੂੰ ਕੈਨੇਡਾ ਬੁਲਾਉਣ ਅਤੇ ਨਵੀਆਂ 5 ਹਜ਼ਾਰ ਅਰਜ਼ੀਆਂ ਪ੍ਰਾਪਤ ਕਰਨ ਦੀ ਪ੍ਰਕਿਰਿਆ ਨੂੰ ਖਤਮ ਕਰਕੇ ਨਵਾਂ ਲਾਟਰੀ ਸਿਸਟਮ ਲਾਗੂ ਕੀਤਾ ਸੀ।

ਲਿਬਰਲ ਸਰਕਾਰ ਦਾ ਨਵਾਂ ਸਿਸਟਮ ਲਾਟਰੀ ਆਧਾਰਿਤ ਸੀ ਭਾਵ ਲਈਆਂ ਗਈਆਂ ਅਰਜ਼ੀਆਂ ਵਿੱਚੋਂ 10 ਹਜ਼ਾਰ ਅਰਜ਼ੀਆਂ ਚੁਣਨ ਲਈ ਕੰਪਿਊਟਰ ਆਧਾਰਿਤ ਇੱਕ ਗਣਿਤ ਫਾਰਮੂਲਾ ਵਰਤਿਆ ਜਾਂਦਾ ਸੀ। ਇਹ ਸਿਸਟਮ ਉੱਕਾ ਫੇਲ ਹੋ ਗਿਆ ਕਿਉਂਕਿ ਫਾਰਮੂਲੇ ਲਾਉਣ ਵਾਲੇ ਸਹੀ ਅਰਜ਼ੀਆਂ ਨੂੰ ਗਲਤ ਅਤੇ ਗਲਤ ਨੂੰ ਸਹੀ ਕਰਾਰ ਦੇ ਦੇਂਦੇ ਸਨ। ਸਿੱਟੇ ਵਜੋਂ ਲੋਕਾਂ ਨੂੰ ਨਿਰਾਸ਼ਾ ਅਤੇ ਸਰਕਾਰ ਨੂੰ ਬਦਨਾਮੀ ਤੋਂ ਵੱਧ ਕੁੱਝ ਹਾਸਲ ਨਹੀਂ ਹੋਇਆ। ਉਸ ਬਦਨਾਮ ਸਿਸਟਮ ਦੀ ਥਾਂ ਪਰਸੋਂ ਲਾਗੂ ਕੀਤਾ ਸਿਸਟਮ ਹੋਂਦ ਵਿੱਚ ਲਿਆਂਦਾ ਗਿਆ ਜੋ ਉਸਤੋਂ ਵੀ ਵੱਧ ਨਿਰਾਸ਼ਾਜਨਕ ਸਾਬਤ ਹੋਇਆ।

ਜਿਸ ਗੱਲ ਦੀ ਸੱਚਾਈ ਸਾਡੇ ਸਿਆਸਤਦਾਨ ਆਮ ਪਬਲਿਕ ਨਾਲ ਸਾਂਝੀ ਨਹੀਂ ਕਰਦੇ, ਉਹ ਹੈ ਅਰਜ਼ੀਆਂ ਪ੍ਰਾਪਤ ਕਰਨ ਅਤੇ ਇੱਕ ਸਾਲ ਵਿੱਚ ਮਾਪਿਆਂ ਨੂੰ ਕੈਨੇਡਾ ਬੁਲਾਉਣ ਦੇ ਗਣਿਤ ਵਿੱਚ ਫਰਕ। ਲਿਬਰਲ ਸਰਕਾਰ ਨੇ ਪਿਛਲੇ ਇੱਕ ਸਾਲ ਵਿੱਚ ਮਾਪਿਆਂ ਨੂੰ ਸਪਾਂਸਰ ਕਰਨ ਲਈ ਅਰਜ਼ੀਆਂ ਲੈਣ ਦੀ ਗਿਣਤੀ ਵਿੱਚ ਵਾਧਾ ਕਰਨ ਦਾ ਦੋ ਵਾਰ ਐਲਾਨ ਕੀਤਾ ਪਰ ਇਸ ਨਹੀਂ ਦੱਸਿਆ ਕਿ ਅਸਲ ਵਿੱਚ ਕਿੰਨੇ ਮਾਪੇ ਕੈਨੇਡਾ ਬੁਲਾਏ ਜਾ ਰਹੇ ਹਨ?

ਆਓ ਅਰਜ਼ੀਆਂ ਨੂੰ ਛੱਡ ਕੇ ਪਿਛਲੇ 6 ਸਾਲਾਂ ਦੇ ਨੰਬਰਾਂ ਨੂੰ ਵੇਖਦੇ ਹਾਂ। 2013, 2014 ਅਤੇ 2015 ਕੰਜ਼ਰਵੇਟਿਵ ਸਰਕਾਰ ਨੇ ਹਰ ਸਾਲ ਵੱਧ ਤੋਂ ਵੱਧ 25,000, 20,000 ਅਤੇ 20,000 ਮਾਪੇ ਬੁਲਾਏ ਜਾਣ ਦੀ ਪਲਾਨ ਪਾਰਲੀਮੈਂਟ ਵਿੱਚ ਰੱਖੀ ਗਈ ਸੀ। ਫੇਰ ਲਿਬਰਲ ਸਰਕਾਰ ਦਾ 2016, 2017 ਅਤੇ 2018 ਦਾ ਸਮਾਂ ਆਉਂਦਾ ਹੈ। ਇਹਨਾਂ ਤਿੰਨ ਸਾਲਾਂ ਵਿੱਚ ਲਿਬਰਲਾਂ ਨੇ ਕਰਮਵਾਰ 20,000, 20,000 ਅਤੇ ਫੇਰ 20,000 ਮਾਪੇ ਬੁਲਾਉਣ ਦੀ ਤਜਵੀਜ਼ ਪਾਰਲੀਮੈਂਟ ਵਿੱਚ ਰੱਖੀ ਗਈ ਜੋ ਕੰਜ਼ਰਵੇਟਿਵਾਂ ਤੋਂ ਅਸਲ ਵਿੱਚ 5 ਹਜ਼ਾਰ ਘੱਟ ਬਣਦੀ ਹੈ। ਇਹਨਾਂ ਅੰਕੜਿਆਂ ਨੂੰ ਵੇਖਦੇ ਹੋਏ ਸੋਚਣਾ ਬਣਦਾ ਹੈ ਕਿ ਕੀ ਇੰਮੀਗਰਾਂਟ ਇੱਕ ਤੋਂ ਬਾਅਦ ਦੂਜੇ ਸਿਸਟਮ ਵਿੱਚ ਉਲਝਾ ਕੇ ਖੇਡ ਲਾਏ ਗਏ 'ਗੁੱਡੇ ਗੁੱਡੀਆਂ ਹਨ'?

ਜੇ ਇਸ ਕੌੜੀ ਹਕੀਕਤ ਨੂੰ ਸਮਝ ਲਈ ਜਾਵੇ ਤਾਂ ਇਹ ਸਮਝਣਾ ਵੀ ਔਖਾ ਨਹੀਂ ਹੋਵੇਗਾ ਕਿ ਪਰਸੋਂ ਵਾਲੀ 27 ਹਜ਼ਾਰ ਅਰਜ਼ੀਆਂ ਫੜਨ ਕੇ ਟੋਕਰੀ ਵਿੱਚ ਪਾਉਣ ਦੀ ਪ੍ਰਕਿਰਿਆ ਇੱਕ ਮਜਾਕ ਤੋਂ ਵੱਧ ਕੁੱਝ ਕਿਉਂ ਨਹੀਂ ਸੀ।

## ਕੈਨੇਡਾ ਫੂਡ ਗਾਈਡ ਦਾ ਰੁੱਖੀ ਮਿੱਸੀ ਖਾ ਕੇ ਠੰਡਾ ਪਾਣੀ ਪੀਣ ਵੱਲ ਇਸ਼ਾਰਾ?

ਤਿੰਨ ਸਾਲ ਦੇ ਸਲਾਹ ਮਸ਼ਵਰੇ ਦੀ ਪ੍ਰਕਿਰਿਆ ਵਿੱਚੋਂ ਗੁਜ਼ਰਨ ਤੋਂ ਬਾਅਦ ਕੈਨੇਡਾ ਦੇ ਸਿਹਤ ਵਿਭਾਗ ਵੱਲੋਂ ਤਿਆਰ ਕੀਤੀ ਗਈ 'ਫੂਡ ਗਾਈਡ' ਹਕੀਕਤ ਬਣ ਚੁੱਕੀ ਹੈ। ਇਸ ਗਾਈਡ ਨੇ ਕੈਨੇਡੀਅਨਾਂ ਨੂੰ ਉਹ ਖਾਣਾ ਖਾਣ ਲਈ ਪ੍ਰੇਰਿਤ ਕਰਨ ਦਾ ਬੀੜਾ ਚੁੱਕਿਆ ਹੈ ਜੋ ਸਾਡੇ ਦਾਦੇ ਪੜਦਾਦੇ ਖਾ ਕੇ ਖੁਸ਼ ਅਤੇ ਤੰਦਰੁਸਤ ਰਹਿੰਦੇ ਸਨ। ਖਾਣੇ ਦੇ ਇੰਡਸਟਰੀ ਵਿੱਚ ਤਬਦੀਲ ਹੋਣ ਜਾਣ ਦੀ ਵਿੱਥਿਆ ਨੂੰ ਨੰਗਾ ਕਰਨ ਲਈ ਜਾਣੇ ਜਾਂਦੇ ਲੇਖਕ ਅਤੇ ਪੱਤਰਕਾਰ ਪ੍ਰੋਫੈਸਰ ਮਾਈਕਲ ਪੋਲਨ (Micheal Pollan) ਨੇ 2008 ਵਿੱਚ ਕਿਤਾਬ ਲਿਖੀ ਸੀ ਜਿਸਦਾ ਨਾਮ ਸੀ In Defense of Food: An Eater's Manifesto (ਖਾਣੇ ਦੇ ਹੱਕ ਵਿੱਚ: ਖਾਣ ਵਾਲੇ ਦਾ ਮੈਨੀਫੈਸਟੋ। ਉਸਦਾ ਆਖਣਾ ਹੈ ਕਿ ਨਵੀਂ ਫੂਡ ਗਾਈਡ ਅਸਲ ਵਿੱਚ ਕਾਫੀ ਸਮੇਂ ਤੋਂ ਬਾਅਦ ਆਈ ਚੰਗੀ ਸਲਾਹ ਹੈ ਜਿਸ ਵਿੱਚ ਕੈਨੇਡੀਅਨਾਂ ਨੂੰ ਘਰ ਖਾਣਾ ਤਿਆਰ ਕਰਨ, ਮੀਟ ਨੂੰ ਛੱਡ ਕੇ ਜ਼ਿਆਦਾ ਸਬਜ਼ੀਆਂ ਫਲ ਖਾਣ ਅਤੇ ਜੂਸ ਵਗੈਰਾ ਦੇ ਝੰਝਟ ਨੂੰ ਤਿਆਗ ਕੇ ਫੋਕਾ ਪਾਣੀ ਪੀਣ ਦੀ ਸਲਾਹ ਉੱਤੇ ਕੇਂਦਰਿਤ ਹੈ। ਗਾਈਡ ਵਿੱਚ ਦੁੱਧ ਅਤੇ ਦੁੱਧ ਉਤਪਾਦਾਂ ਮੱਖਣ, ਮਲਾਈ, ਪਨੀਰ ਆਦਿ ਨੂੰ ਕਾਫੀ ਹੱਦ ਤੱਕ ਘੱਟ ਕਰਨ ਦੀ ਗੱਲ ਕੀਤੀ ਗਈ ਹੈ।

ਕੈਨੇਡਾ ਫੂਡ ਗਾਈਡ ਇੱਕ ਅਜਿਹਾ ਦਸਤਾਵੇਜ਼ ਹੈ ਜਿਸਨੂੰ ਫੂਡ ਇੰਡਸਟਰੀ ਵੱਲੋਂ ਬਹੁਤ ਗੰਭੀਰ ਹੋ ਕੇ ਲਿਆ ਜਾਂਦਾ ਹੈ। ਕਾਰਣ ਇਹ ਕਿ ਕੈਨੇਡੀਅਨ ਪਬਲਿਕ ਵੱਲੋਂ ਜਿਸ ਦਸਤਾਵੇਜ਼ ਨੂੰ ਸੱਭ ਤੋਂ ਵੱਧ ਗਿਣਤੀ ਵਿੱਚ ਸਰਕਾਰ ਕੋਲੋਂ ਮੰਗਵਾਇਆ ਜਾਂਦਾ ਹੈ, ਉਹ ਇਨਕਮ ਟੈਕਸ ਫਾਰਮ ਹਨ ਅਤੇ ਉਸਤੋਂ ਬਾਅਦ ਸਿੱਧਾ ਦੂਜਾ ਨੰਬਰ ਫੂਡ ਗਾਈਡ ਦਾ ਹੈ।

ਗਾਈਡ ਵਿੱਚ ਸੱਭ ਤੋਂ ਵੱਧ ਗੁਣਗਾਨ 'ਪਹਿਲਾ ਪਾਣੀ ਜੀਓ ਹੈ ਜਿਤ ਹਰਿਆ ਹਰ ਕੋਇ' ਭਾਵ ਪਾਣੀ ਦੇ ਕੀਤੇ ਗਏ ਹਨ। ਗਾਈਡ ਦੱਸਦੀ ਹੈ ਕਿ ਪਾਣੀ ਦੇ ਕੈਲੋਰੀ ਮੁਕਤ, ਫੈਟ ਮੁਕਤ ਅਤੇ ਸ਼ੂਗਰ ਮੁਕਤ ਹੋਣ ਕਾਰਣ ਇਹ ਸਰੀਰ ਦੇ ਮੁੱਢਲੇ ਕਾਰਜਾਂ ਨੂੰ ਦੁਰਸਤ ਰੱਖਣ ਵਿੱਚ ਬਹੁਤ ਸਹਾਈ ਹੈ। ਸ਼ੱਕਰ ਮਿਲਾਵਟ ਵਾਲੇ ਪੇਅ ਪਦਾਰਥਾਂ, ਫਲਾਂ ਦੇ ਰਸਾਂ, ਕੌਫੀ, ਐਨਜਰੀ ਡਰਿੰਕ ਆਦਿ ਨੂੰ ਘੱਟ ਮਾਤਰਾ ਵਿੱਚ ਪੀਣਾ ਚੰਗਾ ਹੈ। ਮੀਟ ਨੂੰ ਘੱਟ ਕਰਕੇ ਸਬਜ਼ੀਆਂ ਭਾਜੀਆਂ ਨੂੰ ਤੰਦਰੁਸਤ ਢੰਗ ਨਾਲ ਤਿਆਰ ਕਰਕੇ (ਸਾਡੇ ਵਾਗੂੰ ਤੜਕੇ ਲਾ ਕੇ ਨਹੀਂ) ਖਾਣ ਦੀ ਸਲਾਹ ਦਿੱਤੀ ਗਈ ਹੈ।

ਸਮੇਂ ਦੀ ਮਾਰ ਸਹਿ ਕੇ ਸਿਆਣਿਆਂ ਵੱਲੋਂ ਘੜੇ ਗਏ ਮੋਟੇ ਠੁੱਲੇ ਨੇਮ ਜੀਵਨ ਦਾ ਅਣਮੁੱਲਾ ਸਰਮਿ-ਾਇਆ ਹੁੰਦੇ ਹਨ ਅਤੇ ਕੈਨੇਡਾ ਦੀ ਨਵੀਂ ਫੂਡ ਗਾਈਡ ਇਸ ਤੱਥ ਨੂੰ ਸਿੱਧੇ ਅਸਿੱਧੇ ਢੰਗ ਨਾਲ ਸਵੀਕਾਰ ਕਰਦੀ ਹੈ। ਪਿਛਲੀਆਂ ਗਾਈਡਾਂ ਦੱਸਦੀਆਂ ਹੁੰਦੀਆਂ ਸੀ ਕਿ ਵੱਖ 2 ਉਮਰ ਦੇ ਲੋਕ ਕਿੰਨੀ ਮਾਤਰਾ ਵਿੱਚ ਕੀ ਖਾਣ ਜਿਸਦੀ ਪਾਲਣਾ ਕਰਨੀ ਬਹੁਤ ਔਖੀ ਹੁੰਦੀ ਸੀ। ਇਸਦੇ ਉਲਟ ਨਵੀਂ ਗਾਈਡ ਮੁਤਾਬਕ ਆਪਣੇ ਖਾਣੇ ਨੂੰ ਚਾਰ ਹਿੱਸਿਆਂ ਵਿੱਚ ਵੰਡਣ ਦੀ ਕੋਸ਼ਿਸ਼ ਕਰੋ ਜਿਸਦੀਆਂ 50% ਕੈਲੋਰੀਆਂ ਸਬਜ਼ੀਆਂ ਅਤੇ ਫਲਾਂ ਤੋਂ ਆਉਣ, 25% ਹੋਲ ਗਰੇਨ ਬਰੈੱਡ ਜਾਂ ਆਟੇ ਤੋਂ ਅਤੇ 25% ਪਰੋਟੀਨ ਭਰੇ ਖਾਣੇ ਤੋਂ। ਜੇ ਇਸ ਫਾਰਮੂਲੇ ਨੂੰ ਅਪਣਾ ਲਿਆ ਤਾਂ ਤੁਸੀਂ ਸਰੀਰਕ ਸਿਹਤ ਦੇ ਪੱਖ ਤੋਂ ਆਨੰਦ ਵਿੱਚ ਰਹਿ ਸਕੋਗੇ।

ਮੀਟ, ਫਲਾਂ ਦਾ ਰਸ ਅਤੇ ਆਰਟੀਫੀਸ਼ੀਅਲ ਢੰਗ ਨਾਲ ਬਣਾਏ ਗਏ ਖਾਧ ਪਦਾਰਥ ਇੱਕ ਵੱਡੀ ਇੰਡਸਟਰੀ ਹਨ ਜਿਹਨਾਂ ਦਾ ਕਾਫੀ ਦਬਦਬਾ ਵੇਖਿਆ ਜਾ ਸਕਦਾ ਹੈ। ਨਵੀਂ ਗਾਈਡ ਦੀਆਂ ਸਿਫਾਰਸ਼ਾਂ ਉਸ ਦਬਦਬੇ ਤੋਂ 'ਪਾਸਾ ਬਚਾ ਕੇ' ਜਨਤਕ ਹੋਈਆਂ ਹਨ, ਇਸ ਗੱਲ ਦਾ ਸੁਆਗਤ ਕਰਨਾ ਬਣਦਾ ਹੈ। ਵਰਨਣਯੋਗ ਹੈ ਕਿ ਖੇਤੀਬਾੜੀ ਇੰਡਸਟਰੀ ਵੱਲੋਂ ਮਹਿਕਮੇ ਨੂੰ ਭੇਜੇ ਕਈ ਗੁਪਤ ਮੀਮੋ ਭੇਜੇ ਗਏ ਲੀਕ ਹੋਏ ਸਨ ਜਿਹਨਾਂ ਵਿੱਚ ਤਾੜਨਾ ਕੀਤੀ ਗਈ ਸੀ ਕਿ ਨਵੀਂ ਗਾਈਡ ਨੂੰ ਮੀਟ, ਪਨੀਰ ਅਤੇ ਬੀਫ ਆਦਿ ਇੰਡਸਟਰੀ ਦੇ ਹਿੱਤਾਂ ਨੂੰ ਖਿਆਲ ਵਿੱਚ ਰੱਖਣਾ ਚਾਹੀਦਾ ਹੈ। ਭਾਵ ਸੀ ਕਿ ਲੋਕ ਹਿੱਤ ਨਾਲੋਂ ਇੰਡਸਟਰੀ ਹਿੱਤ ਮਾਅਨਾ ਰੱਖਦੇ ਹਨ। ਸ਼ੁਕਰ ਹੈ ਕਿ ਉਹਨਾਂ ਤੋਂ ਬਚਾਅ ਕਰਕੇ ਇਹ ਗਾਈਡ ਆਈ ਹੈ।

ਫੂਡ ਗਾਈਡ ਦੇ ਇੱਕ ਹੋਰ ਸੁਨੇਹੇ ਵੱਲ ਧਿਆਨ ਦਿੱਤੇ ਜਾਣ ਦੀ ਵਿਸ਼ੇਸ਼ ਲੋੜ ਹੈ। ਗਾਈਡ ਮੁਤਾਬਕ ਜਿੰਨਾ ਮਹੱਤਵਪੂਰਣ ਇਹ ਹੈ ਕਿ ਤੁਸੀਂ ਕੀ ਖਾਂਦੇ ਹੋ, ਉੱਨੀ ਹੀ ਅਹਿਮਅਤ ਇਸ ਗੱਲ ਦੀ ਕਿ ਤੁਸੀਂ ਆਪਣੇ ਖਾਣੇ ਨੂੰ ਕਿਵੇਂ ਖਾਂਦੇ ਹੋ। ਜਿੰਨਾ ਹੋ ਸਕੇ ਖਾਣੇ ਨੂੰ ਘਰ ਬਣਾ ਕੇ ਖਾਣਾ, ਹੋਰਾਂ ਨਾਲ ਰਲ ਮਿਲ ਕੇ ਖਾਣਾ, ਖਾਣੇ ਦੀ ਪਲੇਟ ਵਿੱਚ ਕੀ ਹੈ, ਉਸ ਨਾਲੋਂ ਜੋ ਹੈ ਉਸਨੂੰ ਲੁਤਫ਼ ਨਾਲ ਖਾਣਾ ਅਤੇ ਮਾਰਕੀਟਿੰਗ ਸਟੰਟਾਂ ਤੋਂ ਸਾਵਧਾਨ ਰਹਿਣਾ ਸਾਡੇ ਸਾਰਿਆਂ ਦੇ ਹਿੱਤ ਵਿੱਚ ਹੈ। ਇਸ ਸਾਰੇ ਕੁੱਝ ਦੀ 'ਲੰਗਰ' ਤੋਂ ਵੱਡੀ ਕੀ ਮਿਸਾਲ ਹੋ ਸਕਦੀ ਹੈ।

## ਬਰੈਂਪਟਨ ਵਾਸੀਆਂ ਲਈ ਗੋ ਐਕਸਪ੍ਰੈੱਸ ਟਰੇਨ ਮੁੜ ਸ਼ੁਰੂ ਕੀਤੇ ਜਾਣ ਦੇ ਫੈਸਲੇ ਦਾ ਸੰਧੂ ਤੇ ਸਰਕਾਰੀਆ ਵੱਲੋਂ ਸਵਾਗਤ

...ਪੰਨਾ 1 ਦਾ ਬਾਕੀ

ਉਨ੍ਹਾਂ ਆਖਿਆ ਕਿ ਇਸ ਗੱਲ ਦੀ ਉਨ੍ਹਾਂ ਨੂੰ ਕਾਫੀ ਖੁਸ਼ੀ ਹੈ ਕਿ ਮੈਟਰੋਲਿੰਕਸ ਨੇ 4:50 ਵਾਲੀ ਐਕਸਪ੍ਰੈੱਸ ਟਰੇਨ ਬਹਾਲ ਕਰਨ ਦਾ ਫੈਸਲਾ ਕੀਤਾ ਹੈ। ਇਸ ਨਾਲ ਉਨ੍ਹਾਂ ਬਰੈਂਪਟਨ ਵਾਸੀਆਂ ਨੂੰ ਕਾਫੀ ਫਾਇਦਾ ਹੋਵੇਗਾ ਜਿਹੜੇ ਮਾਊਂਟ ਪਲੈਜ਼ੈਂਟ, ਡਾਊਨਟਾਊਨ ਬਰੈਂਪਟਨ ਤੇ ਬ੍ਰਾਮੇਲੀਆ ਟਰੇਨ ਸਟੇਸ਼ਨ ਜਾਂਦੇ ਆਉਂਦੇ ਹਨ।

ਮੈਟਰੋਲਿੰਕਸ ਨੇ ਦੱਸਿਆ ਕਿ ਇਹ ਐਕਸਪ੍ਰੈੱਸ ਟਰੇਨ 13 ਫਰਵਰੀ 2019 ਨੂੰ ਪਰਤੇਗੀ ਤੇ ਆਪਣੇ ਗਾਹਕਾਂ ਨੂੰ 1000 ਤੋਂ ਵੱਧ ਸੀਟਾਂ ਮੁਹੱਈਆ ਕਰਾਵੇਗੀ। ਇਹ ਐਕਸਪ੍ਰੈੱਸ ਟਰੇਨ ਇਸ ਸਮੇਂ ਮੌਜੂਦ ਟਰੇਨਜ਼ ਤੋਂ ਇਲਾਵਾ ਸ਼ੁਰੂ ਕੀਤੀ ਜਾਵੇਗੀ। ਇਸ ਤੋਂ ਭਾਵ ਹੈ ਕਿ ਹੁਣ ਕਿਚਨਰ ਵਾਲੀ ਲਾਈਨ ਉੱਤੇ ਪਹਿਲਾਂ ਨਾਲੋਂ ਇੱਕ ਟਰੇਨ ਵੱਧ ਹੋਵੇਗੀ।

ਐਮਪੀਪੀ ਪ੍ਰਭਮੀਤ ਸਰਕਾਰੀਆ ਨੇ ਆਖਿਆ ਕਿ ਸਾਡੀ ਸਰਕਾਰ ਨੇ ਇਸ ਮੁੱਦੇ ਨੂੰ ਹੱਲ ਕਰਨ ਲਈ ਮੈਟਰੋਲਿੰਕਸ ਨਾਲ ਰਲ ਕੇ ਕਾਫੀ ਮਿਹਨਤ ਕੀਤੀ। ਬਰੈਂਪਟਨ ਵਾਸੀਆਂ ਨੂੰ ਅਜਿਹਾ ਤੋਹਫਾ ਤਾਂ ਆਪਣੀ ਸਰਕਾਰ ਤੋਂ ਮਿਲਣਾ ਹੀ ਚਾਹੀਦਾ ਹੈ। ਉਨ੍ਹਾਂ ਆਖਿਆ ਕਿ ਉਹ ਇਸ ਮਸਲੇ ਵੱਲ ਗੌਰ ਕਰਨ ਲਈ ਤੇ ਉਨ੍ਹਾਂ ਵੱਲੋਂ ਰੱਖੇ ਤੌਖਲਿਆਂ ਨੂੰ ਸੁਣ ਕੇ ਉਨ੍ਹਾਂ ਦਾ ਹੱਲ ਲੱਭਣ ਲਈ ਉਚੇਚੇ ਤੌਰ ਉੱਤੇ ਮੰਤਰੀ ਜੈੱਫ ਯੂਰੇਕ ਤੇ ਮੈਟਰੋਲਿੰਕਸ ਦਾ ਧੰਨਵਾਦ ਕਰਦੇ ਹਨ।

ਪੰਜਾਬੀ ਪੋਸਟ
Canadian Punjabi Post
Head Office
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

Founder Editor - Jagdish Singh Grewal
Managing Director - Parminder Kaur Grewal
Honorary Editor - Jatinder Pannu
Contributing Editors - Karam Singh Punia
- Gyan Singh
- Angrej Singh
Office Admin Assistant - Priya Sodhi
Marketing Executives - HS Nagpal
- Gurpreet Singh Pall
Photographer - Kanwaljit Singh Kanwal
Distribution - Aman Warriach

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

## ਕਿਊਬਿਕ ਤੋਂ ਲਿਬਰਲ ਐਮਪੀ ਡੀ ਲੋਰੀਓ ਨੇ ਦਿੱਤਾ ਅਸਤੀਫਾ

...ਪੰਨਾ 1 ਦਾ ਬਾਕੀ

ਪਹਿਲਾਂ ਇਹ ਕਾਰਵਾਈ 22 ਜਨਵਰੀ ਨੂੰ ਸ਼ੁਰੂ ਹੋਣੀ ਸੀ ਤੇ ਪਰ ਬਾਅਦ ਵਿੱਚ ਇਹ ਕਾਰਵਾਈ 28 ਜਨਵਰੀ ਨੂੰ ਸ਼ੁਰੂ ਹੋਈ ਤੇ ਉਨ੍ਹਾਂ ਉਸੇ ਦਿਨ ਹੀ ਆਪਣਾ ਅਸਤੀਫਾ ਦੇ ਦਿੱਤਾ।

ਇੱਥੇ ਦੱਸਣਾ ਬਣਦਾ ਹੈ ਕਿ ਕਈ ਮਹੀਨਿਆਂ ਤੋਂ ਡੀ ਲੋਰੋ ਕਾਮਨਜ਼ ਤੋਂ ਛੁੱਟੀ ਉੱਤੇ ਸਨ। ਇਸ ਤੋਂ ਪਹਿਲਾਂ ਵੀ ਲਿਬਰਲ ਐਮਪੀ ਅਹੁਦਾ ਛੱਡਣ ਦਾ ਆਪਣਾ ਇਰਾਦਾ ਦੱਸ ਚੁੱਕੇ ਸਨ। ਡੀ ਲੋਰੀਓ ਕਿਊਬਿਕ ਦੇ ਸੇਂਟ ਲਿਓਨਾਰਡ ਸੇਂਟ ਮਾਈਕਲ ਹਲਕੇ ਤੋਂ ਐਮਪੀ ਸਨ।

## ਹਰੀ ਸਿੰਘ ਨਲੂਆ ਦੇ ਕਿਲ੍ਹੇ ਨੂੰ ਅਜਾਇਬ ਘਰ ਬਣਾਇਆ ਜਾਵੇਗਾ

ਅੰਮ੍ਰਿਤਸਰ, 29 ਜਨਵਰੀ (ਪੋਸਟ ਬਿਊਰੋ)- ਪਾਕਿਸਤਾਨ ਸਰਕਾਰ ਨੇ ਸੂਬਾ ਖੈਬਰ ਪਖਤੂਨਖਵਾ ਦੇ ਸ਼ਹਿਰ ਹਰੀਪੁਰ ਵਿੱਚ 35420 ਵਰਗ ਫੁੱਟ 'ਚ ਬਣੇ ਹੋਏ ਹਰੀ ਸਿੰਘ ਨਲੂਆ ਦੇ ਇਤਿਹਾਸਕ ਕਿਲ੍ਹਾ ਹਰਿਕਿਸ਼ਨਗੜ੍ਹ ਨੂੰ ਅਜਾਇਬ ਘਰ ਵਿੱਚ ਤਬਦੀਲ ਕਰਨ ਦਾ ਫੈਸਲਾ ਕੀਤਾ ਹੈ। ਇਤਿਹਾਸਕ ਕਿਲ੍ਹੇ ਨੂੰ ਪੁਰਾਤਤਵ ਵਿਭਾਗ ਦੇ ਸਪੁਰਦ ਕਰਨ ਲਈ ਵਿਭਾਗ ਵੱਲੋਂ ਸੂਬੇ ਦੇ ਮੁੱਖ ਮੰਤਰੀ ਮਹਿਮੂਦ ਖਾਨ ਨੂੰ ਪੱਤਰ ਲਿਖਿਆ ਹੈ। ਵਰਨਣ ਯੋਗ ਹੈ ਕਿ ਪੁਰਾਤਤਵ ਵਿਭਾਗ ਨੇ ਸਿੱਖ ਰਾਜ ਦੀ ਇਸ ਕਿਲ੍ਹੇ ਨੂੰ ਅਜਾਇਬ ਘਰ ਵਿੱਚ ਤਬਦੀਲ ਕੀਤੇ ਜਾਣ ਦੀ ਮੰਗ ਕੀਤੀ ਸੀ। ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਜਰਨੈਲ ਹਰੀ ਸਿੰਘ ਨਲਵਾ ਵੱਲੋਂ ਵਸਾਇਆ ਸ਼ਹਿਰ ਹਰੀਪੁਰ ਮੌਜੂਦਾ ਸਮੇਂ ਇਸਲਾਮਾਬਾਦ ਤੋਂ 65 ਕਿਲੋਮੀਟਰ ਦੀ ਦੂਰੀ ਉੱਤੇ ਹੈ। ਨਲੂਆ ਨੇ ਸਾਲ 1822-23 ਵਿੱਚ ਇਹ ਸ਼ਹਿਰ ਵਸਾਇਆ ਅਤੇ ਇਸ ਦੇ ਚਾਰੇ ਪਾਸੇ ਚਾਰ ਗਜ਼ ਚੌੜੀ ਅਤੇ 16 ਗਜ਼ ਉਚੀ ਪੱਕੀ ਫਸੀਲ ਬਣਵਾਈ, ਜਿਸ ਵਿੱਚ ਥੋੜ੍ਹੀ-ਥੋੜ੍ਹੀ ਦੂਰ ਚਾਰ ਦਰਵਾਜ਼ੇ ਵੀ ਬਣਵਾਏ ਸਨ।

## ਸਾਬਕਾ ਕੇਂਦਰੀ ਰੱਖਿਆ ਮੰਤਰੀ ਜਾਰਜ ਫਰਨਾਡੇਜ਼ ਦਾ ਦੇਹਾਂਤ

ਨਵੀਂ ਦਿੱਲੀ, 29 ਜਨਵਰੀ, (ਪੋਸਟ ਬਿਊਰੋ)- ਕਿਸੇ ਸਮੇਂ ਦੇ ਬਹੁਤ ਵੱਡੇ ਟਰੇਡ ਯੂਨੀਅਨ ਆਗੂ, ਪੱਤਰਕਾਰ ਤੇ ਫਿਰ ਕੇਂਦਰੀ ਮੰਤਰੀ ਰਹਿ ਚੁੱਕੇ ਜਾਰਜ ਫਰਨਾਡੇਜ਼ ਦਾ ਦੇਹਾਂਤ ਹੋ ਗਿਆ ਹੈ। ਉਹ 88 ਸਾਲ ਦੇ ਸਨ।

ਜਾਰਜ ਫਰਨਾਡੇਜ਼ ਲੰਬੇ ਸਮੇਂ ਤੋਂ ਅਲਜ਼ਾਈਮਰ ਦੇ ਰੋਗ ਤੋਂ ਪੀੜਤ ਸਨ। ਭਾਰਤ ਵਿਚ ਵੱਖਰੀ ਪਛਾਣ ਵਾਲੇ ਇਸ ਨੇਤਾ ਦੇ ਜੀਵਨ ਦਾ ਸਫ਼ਰ ਵਿਸ਼ੇਸ਼ ਰੂਪ 'ਚ ਤਿੰਨ ਰਾਜਾਂ ਵਿੱਚ ਰਿਹਾ। ਕਰਨਾਟਕ ਦੇ ਮੰਗਲੌਰ ਤੋਂ ਇਨ੍ਹਾਂ ਨੇ ਜੀਵਨ ਸ਼ੁਰੂ ਕੀਤਾ, ਮਹਾਰਾਸ਼ਟਰ ਦੇ ਮੁੰਬਈ ਵਿਚ ਅੱਗ ਉਗਲਦੇ ਮਜ਼ਦੂਰ ਨੇਤਾ ਵਜੋਂ ਉਨ੍ਹਾਂ ਦੀ ਪਛਾਣ ਬਣੀ ਤੇ ਬਿਹਾਰ ਤੋਂ ਉਨ੍ਹਾਂ ਨੇ ਸੱਤਾ ਦੀ ਰਾਜਨੀਤੀ ਦਾ ਸਿਖਰ ਛੋਹਿਆ ਸੀ।


ਭਾਰਤ ਦੇ ਸਾਬਕਾ ਰੱਖਿਆ ਮੰਤਰੀ ਜਾਰਜ ਫਰਨਾਡੇਜ਼ ਦਾ ਜਨਮ ਮੰਗਲੌਰ ਵਿਚ 3 ਜੂਨ 1930 ਨੂੰ ਹੋਇਆ ਸੀ।

### * ਇੰਦਰਾ ਨੂੰ ਹਿਲਾਉਣ ਵਾਲੀ ਰੇਲ ਹੜਤਾਲ ਕਰਾਈ ਸੀ ਫਰਨਾਂਡੇਜ਼ ਨੇ

ਉਨ੍ਹਾਂ ਦੀ ਮਾਂ ਕਿੰਗ ਜਾਰਜ ਪੰਜਵੇਂ ਦੀ ਬਹੁਤ ਵੱਡੀ ਪ੍ਰਸ਼ੰਸਕ ਸੀ ਅਤੇ ਇਸ ਬੱਚੇ ਦਾ ਜਨਮ ਵੀ ਕਿੰਗ ਜਾਰਜ ਵਾਂਗ ਤਿੰਨ ਜੂਨ ਦਾ ਸੀ। ਇਸ ਲਈ ਮਾਂ ਨੇ ਛੇ ਬੱਚਿਆਂ ਵਿਚੋਂ ਸਭ ਤੋਂ ਪਹਿਲੇ ਇਸ ਪੁੱਤਰ ਦਾ ਨਾਂ ਜਾਰਜ ਰੱਖਿਆ ਸੀ। ਜਾਰਜ ਦੇ ਜੀਵਨ ਬਾਰੇ ਬੜੇ ਘੱਟ ਲੋਕ ਜਾਣਦੇ ਹਨ ਕਿ ਰਾਜਨੀਤੀ ਤੋਂ ਪਹਿਲਾਂ ਉਨ੍ਹਾਂ ਨੇ ਪਾਦਰੀ ਬਣਨ ਦੀ ਟ੍ਰੇਨਿੰਗ ਲਈ, ਪਰ ਜਦੋਂ ਚਰਚ ਦੇ ਪ੍ਰਬੰਧ ਵਿੱਚ ਗੜਬੜ ਦਿੱਸੀ ਤਾਂ ਛੱਡ ਕੇ ਮੁੰਬਈ ਚਲੇ ਗਏ। ਉਨ੍ਹਾਂ ਨੂੰ 10 ਭਾਸ਼ਾਵਾਂ ਦੀ ਜਾਣਕਾਰੀ ਸੀ, ਜਿਨ੍ਹਾਂ ਵਿਚ ਹਿੰਦੀ, ਇੰਗਲਿਸ਼, ਕੋਂਕਣੀ, ਤੁਲੁ, ਕੰਨੜ, ਮਰਾਠੀ, ਤਾਮਿਲ, ਉਰਦੂ, ਮਲਿਆਲੀ ਤੇ ਲੇਟਿਨ ਭਾਸ਼ਾਵਾਂ ਸ਼ਾਮਲ ਸਨ। ਇੱਕ ਵਾਰੀ ਉਨ੍ਹਾਂ ਨੇ ਜ਼ਿਕਰ ਕੀਤਾ ਸੀ ਕਿ ਮੁੰਬਈ ਆਉਣ ਪਿੱਛੋਂ ਜਦੋਂ ਕਾਫੀ ਦੇਰ ਤਕ ਉਨ੍ਹਾਂ ਨੂੰ ਕੰਮ ਨਾ ਮਿਲਿਆ ਤਾਂ ਮੁੰਬਈ ਵਿਚ ਚੌਪਾਟੀ ਦੇ ਫੁੱਟਪਾਥ 'ਤੇ ਸੌਂਦੇ ਸਨ, ਜਿੱਥੇ ਕਈ ਵਾਰ ਪੁਲਿਸ ਵਾਲਾ ਆ ਕੇ ਉਨ੍ਹਾਂ ਨੂੰ ਉਠਾ ਕੇ ਤੁਰ ਜਾਣ ਨੂੰ ਕਹਿ ਦੇਂਦਾ ਸੀ। ਬਾਅਦ ਵਿੱਚ ਜਾਰਜ ਫਰਨਾਡੇਜ਼ ਆਲ ਇੰਡੀਆ ਰੇਲਵੇਮੈਨ ਫੈਡਰੇਸ਼ਨ ਦੇ ਪ੍ਰੈਜ਼ੀਡੈਂਟ ਰਹੇ ਅਤੇ ਉਨ੍ਹਾਂ ਦੀ ਅਗਵਾਈ ਵਿਚ ਭਾਰਤੀ ਰੇਲਵੇ ਦੀ 1974 ਵਿਚ ਸਭ ਤੋਂ ਵੱਡੀ ਹੜਤਾਲ ਹੋਈ, ਜਿਸ ਨੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਹਿਲਾ ਦਿੱਤਾ ਸੀ। ਵਾਜਪਾਈ ਸਰਕਾਰ ਵਿੱਚ ਜਾਰਜ ਫਰਨਾਂਡੇਜ਼ ਦੇ ਰੱਖਿਆ ਮੰਤਰੀ ਹੋਣ ਸਮੇਂ ਕਾਰਗਿਲ ਜੰਗ ਹੋਈ ਸੀ।



ਕਿਸੇ ਸਮੇਂ ਲੋਕਨਾਇਕ ਜੈ ਪ੍ਰਕਾਸ਼ ਨਾਰਾਇਣ ਦੇ ਕਹੇ ਉੱਤੇ ਜਨਤਾ ਪਾਰਟੀ ਵਿੱਚ ਆਏ ਜਾਰਜ ਬਾਅਦ ਵਿੱਚ ਵੀ ਕੇ ਸਿੰਘ ਦੀ ਅਗਵਾਈ ਹੇਠ ਜਨਤਾ ਦਲ ਵਿੱਚ ਗਏ ਤੇ ਜਦੋਂ 1999 ਵਿਚ ਇਕ ਵਾਰ ਹੋਰ ਜਨਤਾ ਦਲ ਵਿੱਚ ਵੰਡ ਹੋਈ ਤਾਂ ਕੁਝ ਨੇਤਾਵਾਂ ਨਾਲ ਮਿਲ ਕੇ ਜਾਰਜ ਫਰਨਾਡੇਜ਼ ਦੀ ਅਗਵਾਈ ਵਿੱਚ ਸਮਤਾ ਪਾਰਟੀ ਬਣਾਈ ਗਈ ਸੀ। ਬਾਅਦ ਵਿੱਚ ਇਸ ਨੂੰ ਤੋੜ ਕੇ ਉਸ ਦੀ ਥਾਂ ਨਵੀਂ ਪਾਰਟੀ ਜਨਤਾ ਦਲ (ਯੂਨਾਇਟਡ) ਬਣਾਈ ਗਈ, ਜਿਸ ਦੀ ਅਗਵਾਈ ਅੱਜ ਕੱਲ੍ਹ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦੇ ਕੋਲ ਹੈ।




## 'ਕੈਨੇਡੀਅਨ ਫੂਡ ਗਾਈਡ' ਦੀ ਨਵੀਂ ਪਹੁੰਚ ਦੀ ਐੱਮ.ਪੀ. ਰੂਬੀ ਸਹੋਤਾ ਵੱਲੋਂ ਪ੍ਰਸ਼ੰਸਾ

ਬਰੈਂਪਟਨ, -ਬਰੈਂਪਟਨ ਨੌਰਥ ਦੀ ਮੈਂਬਰ ਪਾਰਲੀਮੈਂਟ ਰੂਬੀ ਸਹੋਤਾ ਵੱਲੋਂ ਮਨੁੱਖੀ ਜੀਵਨ ਵਿਚ ਫੂਡ ਗਾਈਡ ਦੀ ਮਹੱਤਤਾ ਨੂੰ ਸਵੀਕਾਰਦਿਆਂ ਹੋਇਆਂ ਇਸ ਦੀ ਭਰਪੂਰ ਸਰਾਹਨਾ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਅਸੀਂ ਖਾਣੇ ਦੀ ਚੋਣ ਤਾਂ ਕਰਦੇ ਹਨ ਪਰ ਸਾਡੇ ਵਿੱਚੋਂ ਬਹੁਤ ਸਾਰਿਆਂ ਨੂੰ ਇਹ ਜਾਣਕਾਰੀ ਨਹੀਂ ਹੈ ਕਿ ਸਾਡੀਆਂ ਖਾਣ-ਪੀਣ ਦੀਆਂ ਆਦਤਾਂ ਸਾਡੀ ਸਿਹਤ ਲਈ ਕਿੰਨੀਆਂ ਕੁ ਮਹੱਤਵਪੂਰਨ ਹਨ। ਕੰਮਾਂ-ਕਾਰਾਂ ਵਿਚ ਰੁੱਝੇ ਹੋਏ ਕੈਨੇਡਾ-ਵਾਸੀਆਂ ਨੂੰ ਆਪਣੇ ਲਈ ਤੇ ਆਪਣੇ ਪਰਿਵਾਰ ਲਈ ਪੌਸ਼ਟਿਕ ਖਾਧ-ਪਦਾਰਥਾਂ ਦੀ ਜਾਣਕਾਰੀ ਹੋਣਾ ਅਤੀ ਜ਼ਰੂਰੀ ਹੈ।

ਕੈਨੇਡਾ ਦੀ ਨਵੀਂ ਫੂਡ-ਗਾਈਡ ਨੂੰ ਲਾਂਚ ਕਰਦਿਆਂ ਹੋਇਆਂ ਸਿਹਤ ਮੰਤਰੀ ਮਾਣਯੋਗ ਗਿਨੇਤ ਪੈਤੀਪਾ ਟੇਲਰ ਨੇ ਇਸ ਗੱਲ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਪੌਸ਼ਟਿਕ ਖ਼ੁਰਾਕ ਕੈਨੇਡਾ-ਵਾਸੀਆਂ ਲਈ ਬਹੁਤ ਜ਼ਰੂਰੀ ਹੈ ਉਨ੍ਹਾਂ ਦੱਸਿਆ ਕਿ ਇਹ ਨਵੀਂ ਫੂਡ-ਗਾਈਡ ਜੋ ਆਨ-ਲਾਈਨ ਉਪਲੱਬਧ ਹੈ, ਆਮ ਲੋਕਾਂ ਦੀਆਂ ਵੱਖ-ਵੱਖ ਖਾਧ-ਪਦਾਰਥਾਂ ਦੀ ਚੋਣ ਦੀ ਲੋੜ



ਪੂਰੀ ਕਰਨ, ਇਸ ਸਬੰਧੀ ਸਰਕਾਰੀ ਪਾਲਸੀਆਂ ਬਨਾਉਣ ਵਾਲਿਆਂ ਅਤੇ ਸਿਹਤ ਨਾਲ ਸਬੰਧਿਤ ਪ੍ਰੋਫ਼ੈਨਲਾਂ ਸਾਰਿਆਂ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਵਿਚ ਸਹਾਈ ਹੁੰਦੀ ਹੈ। ਇਸ ਵਿਚ ਮੋਬਾਇਲ ਫ਼ਰੈਂਡਲੀ ਵੈੱਬ ਵੀ ਮੌਜੂਦ ਹੈ ਜੋ ਕੈਨੇਡਾ-ਵਾਸੀਆਂ ਨੂੰ ਕਿਧਰੇ ਵੀ ਅਤੇ ਕਿਸੇ ਸਮੇਂ ਵੀ ਵਧੀਆ ਪੌਸ਼ਟਿਕ ਖਾਣਾ ਖਾਣ ਲਈ ਉਤਸ਼ਾਹਿਤ ਕਰਦੀ ਹੈ।

ਇਸ ਨਵੀਂ ਫੂਡ ਗਾਈਡ ਵਿਚ ਕੈਨੇਡਾ-ਵਾਸੀਆਂ ਲਈ ਖਾਣੇ ਦੀ ਚੋਣ ਬਾਰੇ ਹੇਠ ਲਿਖੀਆਂ ਸਾਰਥਿਕ ਸਲਾਹਾਂ ਸ਼ਾਮਲ ਹਨ:

- ਬਹੁਤ ਸਾਰੀਆਂ ਸਬਜ਼ੀਆਂ ਤੇ ਫਲ ਖਾਣੇ।
- ਪ੍ਰੋਟੀਨ ਭਰਪੂਰ ਖਾਧ-ਪਦਾਰਥ ਸੇਵਨ ਕਰਨੇ।
- ਛਿਲਕੇ ਸਮੇਤ ਅਨਾਜ (ਹੋਲ-ਗਰੇਨ) ਦੀ ਵਰਤੋਂ ਕਰਨਾ
- ਪੀਣ ਲਈ ਪਾਣੀ ਦਾ ਪ੍ਰਯੋਗ ਕਰਨਾ।

ਪੌਸ਼ਟਿਕ ਖ਼ੁਰਾਕ ਆਮ ਖਾਣ-ਪੀਣ ਨਾਲੋਂ ਵਧੇਰੇ ਮਹੱਤਵਪੂਰਨ ਹੈ ਅਤੇ ਇਹ ਫੂਡ ਗਾਈਡ ਕੈਨੇਡਾ-ਵਾਸੀਆਂ ਨੂੰ ਇਨ੍ਹਾਂ ਗੱਲਾਂ ਵੱਲ
ਉਤਸ਼ਾਹਤ ਕਰਦੀ ਹੈ:

- ਖਾਣਾ ਜ਼ਿਆਦਾ ਵਾਰੀ ਬਣਾਓ, ਭਾਵ ਬੇਹਾ ਖਾਣਾ ਨਾ ਖਾਓ।
- ਖਾਣਾ ਮਜ਼ੇ ਨਾਲ ਖਾਓ ਅਤੇ ਖਾਣ ਸਮੇਂ ਕਾਹਲੀ ਨਾ ਕਰੋ।
- ਆਪਣੀਆਂ ਖਾਣ-ਪੀਣ ਦੀਆਂ ਆਦਤਾਂ ਪ੍ਰਤੀ ਸੇਚੇਤ ਰਹੋ।
- ਕਦੇ ਕਦੇ ਦੂਸਰਿਆਂ ਨਾਲ ਮਿਲ ਕੇ ਵੀ ਖਾਣਾ ਖਾਓ।

ਇਹ ਨਵੀਂ ਕੈਨੇਡਾ ਫੂਡ ਗਾਈਡ ਸਮੂਹ ਕੈਨੇਡਾ-ਵਾਸੀਆਂ ਲਈ ਹੈ। ਹੈੱਲਥ ਕੈਨੇਡਾ ਇਹ ਯਕੀਨੀ ਬਨਾਉਣਾ ਚਾਹੁੰਦਾ ਹੈ ਕਿ ਇਸਵਿਚ ਸਮਾਜ ਦੇ ਸਾਰੇ ਵਰਗਾਂ ਜਿਨ੍ਹਾਂ ਵਿਚ ਕੈਨੇਡਾ ਦੇ ਪੁਰਾਣੇ ਵਸਨੀਕ ਵੀ ਸ਼ਾਮਲ ਹਨ, ਦੇ ਲਈ ਖਾਣੇ ਪ੍ਰਤੀ ਜਾਣਕਾਰੀ ਸ਼ਾਮਲ ਹੋਵੇ। ਇਸ ਦੇ ਨਾਲ ਹੀ ਇਸ ਸਬੰਧੀ ਹੈੱਲਥ ਕੈਨੇਡਾ ਤੇ ਇੰਡੀਜੀਨੀਅਸ ਸਰਵਿਸ ਕੈਨੇਡਾ ਫ਼ਸਟ ਨੇਸ਼ਨ, ਇਨੂਇਟ ਤੇ ਮੈਟੀਜ਼ ਦੇ ਨਾਲ ਮਿਲ ਕੇ ਕੰਮ ਰਹੇ ਹਨ। ਇਹ ਕੈਨੇਡਾ ਦੀ 'ਹੈੱਲਥੀ ਈਟਿੰਗ ਸਟਰੈਟਿਜੀ' ਦਾ ਅਨਿੱਖੜਵਾਂ ਅੰਗ ਹੈ ਜਿਸ ਦਾ ਮਕਸਦ ਸਾਰੇ ਕੈਨੇਡਾ-ਵਾਸੀਆਂ ਲਈ ਪੌਸ਼ਟਿਕ ਖਾਣੇ ਦੀ ਚੋਣ ਕਰਨਾ ਹੈ। ਇਸ ਸਬੰਧੀ ਆਪਣੇ ਵਿਚਾਰ ਗਟ ਕਰਦਿਆਂ ਹੋਇਆਂ ਰੂਬੀ ਸਹੋਤਾ ਨੇ ਕਿਹਾ,"ਪੌਸ਼ਟਿਕ ਖਾਣਾ ਸਾਡੀਆਂ ਖਾਣ-ਪੀਣ ਦੀਆਂ ਆਮ ਆਦਤਾਂ ਤੋਂ ਉੱਪਰ ਤੇ ਵੱਖਰਾ ਹੈ। ਇਹ ਨਵੀਂ ਫੂਡ ਗਾਈਡ ਇਨ੍ਹਾਂ ਦੋਹਾਂ ਵਿਚਲੇ ਸਬੰਧ ਨੂੰ ਦਰਸਾਉਂਦੀ ਹੈ ਅਤੇ ਕੈਨੇਡਾ-ਵਾਸੀਆਂ ਨੂੰ ਰੋਜ਼ਾਨਾ ਪੌਸ਼ਟਿਕ ਖਾਣਾ ਖਾਣ ਬਾਰੇ ਸਹੀ ਮਸ਼ਵਰਾ ਦਿੰਦੀ ਹੈ।"






# ਕਬੱਡੀ ਦੇ ਮੈਦਾਨਾਂ ਦੀ ਸੁੱਖ ਮੰਗਦੀ ਮਾਝੇ ਦੀ ਨਾਮਵਰ ਖਿਡਾਰਨ - ਸੁਖਦੀਪ ਕੌਰ ਸੁੱਖੀ






ਕਬੱਡੀ ਸਰਕਲ ਸਟਾਈਲ ਦੇ ਖੇਤਰ ਵਿੱਚ ਪੰਜਾਬ ਦੀਆਂ ਕੁੜੀਆਂ ਦਾ ਪ੍ਰਦਰਸ਼ਨ ਬੇਹੱਦ ਪ੍ਰਭਾਵਸ਼ਾਲੀ ਰਿਹਾ ਹੈ । ਪਿਛਲੇ ਸਮੇਂ ਚ ਹੋਏ ਵਰਲਡ ਕਬੱਡੀ ਕੱਪ ਪੰਜਾਬ ਦੇ ਪੰਜ ਖਿਤਾਬ ਭਾਰਤ ਦੀ ਝੋਲੀ ਪਾਉਣ ਵਿਚ ਪੰਜਾਬਣ ਮੁਟਿਆਰਾ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ ।

ਸ੍ਰੀ ਅਮ੍ਰਿਤਸਰ ਸਾਹਿਬ ਦੇ ਰਾਈਆ ਨੇੜਲੇ ਪਿੰਡ ਲਿੱਧੜਾ ਦੀ ਮੁਟਿਆਰ ਸੁਖਦੀਪ ਕੌਰ ਸੁੱਖੀ ਇਸ ਸਮੇਂ ਕਬੱਡੀ ਜਗਤ ਦੀਆਂ ਸਟਾਰ ਖਿਡਾਰਨਾ ਵਿੱਚ ਸੁਮਾਰ ਕਰਦੀ ਹੈ । ਕਬੱਡੀ ਖਿਡਾਰੀ ਪਿਤਾ ਸਵ. ਬਲਵਿੰਦਰ ਸਿੰਘ ( ਪੰਜਾਬ ਪੁਲਿਸ) ਤੇ ਮਾਤਾ ਰਾਜਿੰਦਰ ਕੌਰ ਦੀ ਪੁੱਤਰੀ ਸੁਖਦੀਪ ਕੌਰ ਸੁੱਖੀ ਦਾ ਜਨਮ 17 ਮਾਰਚ 1994 ਵਿੱਚ ਹੋਇਆ । ਉਹ ਦੋ ਭਰਾਵਾ ਦੀ ਇਕਲੋਤੀ ਲਾਡਲੀ ਭੈਣ ਹੈ । ਜਿਸਦੀ ਦੀ ਖੇਡ ਦੀ ਦੇਸ਼ ਵਿਦੇਸ਼ ਵਿੱਚ ਚਰਚਾ ਹੈ ।

ਸੁੱਖੀ ਨੂੰ ਕਬੱਡੀ ਦੀ ਗੁੜਤੀ ਘਰ ਵਿੱਚ ਹੀ ਮਿਲੀ ।ਉਸਦੇ ਪਿਤਾ ਜੀ ਕਬੱਡੀ ਦੇ ਪ੍ਰਸਿੱਧ ਖਿਡਾਰੀ ਸਨ ।ਆਪਣੇ ਪਿਤਾ ਜੀ ਦੀ ਖੇਡ ਦੀ ਵਾਰਿਸ ਬਣੀ ਸੁੱਖੀ ਨੇ ਸਾਲ 2010 ਵਿੱਚ ਕਬੱਡੀ ਖੇਡਣੀ ਸ਼ੁਰੂ ਕੀਤੀ ।ਉਹ ਮਾਝੇ ਦੀ ਪ੍ਰਸਿੱਧ ਕਬੱਡੀ ਖਿਡਾਰਨ ਜਤਿੰਦਰ ਕੌਰ ਨੂੰ ਆਪਣਾ ਪ੍ਰੇਰਨਾ ਸਰੋਤ ਮੰਨਦੀ ਹੈ । ਜਿਸ ਦੀ ਖੇਡ ਤੋਂ ਪ੍ਰਭਾਵਿੱਤ ਹੋ ਕੇ ਉਸ ਨੇ ਬਤੌਰ ਜਾਫੀ ਆਪਣਾ ਖੇਡ ਸਫਰ ਸ਼ੁਰੂ ਕੀਤਾ ।

ਆਪਣੇ ਪਿੰਡ ਤੋਂ ਸ਼ੁਰੂ ਕੀਤੀ ਕਬੱਡੀ ਦੀ ਪਾਰੀ ਨੂੰ ਅਸਲ ਮੰਜਿਲ ਮਕਸੂਦ ਤੱਕ ਪਹੁੰਚਾਉਣ ਲਈ ਉਸਨੇ ਸਾਲ 2012 ਵਿਚ ਜਗਤਪੁਰ ਅਕੈਡਮੀ ਵਿੱਚ ਕੋਚ ਸ੍ਰ ਕੁਲਵਿੰਦਰ ਸਿੰਘ ਤੇ ਮੈਡਮ ਜਸਕਰਨ ਕੌਰ ਲਾਡੀ ਨੂੰ ਆਪਣਾ ਉਸਤਾਦ ਧਾਰਿਆ ।ਇਸ ਅਕੈਡਮੀ ਦੀ ਬਦੌਲਤ ਹੀ ਉਸਨੇ 2012 ਤੇ 2016 ਦੇ ਪੰਜਾਬ ਵਰਲਡ ਕੱਪ ਵਿੱਚ ਭਾਗ ਲਿਆ ਤੇ ਜੈਤੂ ਭਾਰਤੀ ਟੀਮ ਦੀ ਮੈਂਬਰ ਬਣੀ । 2015 ਵਿੱਚ ਉਹ ਸੀਨੀਅਰ ਨੈਸ਼ਨਲ ਉਤਰਾਖੰਡ ਵਿੱਚ ਅਤੇ 2018 ਵਿੱਚ ਚੰਡੀਗੜ੍ਹ ਵਿਖੇ ਸੀਨੀਅਰ ਨੈਸਨਲ ( ਸਰਕਲ ਸਟਾਈਲ) ਦੀ ਪੰਜਾਬ ਵਲੋਂ ਖੇਡਦਿਆਂ ਸਰਵੋਤਮ ਜਾਫੀ ਬਣਨ ਦਾ ਮਾਣ ਪ੍ਰਾਪਤ ਕਰ ਚੁੱਕੀ ਹੈ ।ਇਸ ਦੇ ਨਾਲ ਹੀ ਉਹ ਪੰਜਾਬ ਦੇ ਬਹੁਤ ਸਾਰੇ ਖੇਡ ਮੇਲਿਆ ਦੀ ਵੀ ਬੈਸਟ ਸਟੌਪਰ ਬਣੀ ਹੈ ।ਜਿੰਨਾ ਵਿੱਚ ਰਾਜਾ ਸਾਹਿਬ ਦਾ ਮਜਾਰਾ ( ਨਵਾ ਸ਼ਹਿਰ ਸ਼ਹੀਦ ਭਗਤ ਸਿੰਘ ਨਗਰ ) ,ਨਿਆਲ ਪਾਤੜਾ ( ਪਟਿਆਲਾ) ,ਪੱਡਾ ( ਸ੍ਰੀ ਅਮ੍ਰਿਤਸਰ) ਆਦਿ ਸਾਮਿਲ ਹਨ ।ਹੁਣ ਤੱਕ ਸੁੱਖੀ ਅਸਟ੍ਰੇਲੀਆ , ਮਨੀਲਾ ,ਮਲੇਸੀਆ ਆਦਿ ਦੇਸ਼ਾ ਵਿੱਚ ਆਪਣੀ ਖੇਡ ਦਾ ਪ੍ਰਦਰਸ਼ਨ ਕਰ ਚੁੱਕੀ ਹੈ । ਪਿਛਲੀ ਪੰਜਾਬ ਸਰਕਾਰ ਵਲੋਂ ਕਰਵਾਏ ਕਬੱਡੀ ਕੱਪ ਦੇ ਪਹਿਲੇ ਜੈਤੂ ਖਿਡਾਰੀਆਂ ਤੋਂ ਬਿੰਨਾ ਬਾਅਦ ਵਿਚ ਹੋਏ ਵਰਲਡ ਕੱਪ ਦੇ ਜੈਤੂ ਖਿਡਾਰੀਆਂ ਨੂੰ ਸਰਕਾਰ ਵਲੋਂ ਨੌਕਰੀ ਨਾ ਦੇਣਾ ਇਹਨਾ ਖਿਡਾਰੀਆਂ ਦੇ ਹੌਸ਼ਲੇ ਨੂੰ ਅਸਤ ਕਰਨ ਵਾਲੀ ਗੱਲ ਸਾਬਿਤ ਹੋਈ ਹੈ ।

ਉਸਨੇ ਕਬੱਡੀ ਦੇ ਨਾਲ ਨਾਲ ਸ੍ਰੀ ਗੁਰੁ ਨਾਨਕ ਦੇਵ ਯੂਨੀਵਰਸਿਟੀ ਸ੍ਰੀ ਅਮ੍ਰਿਤਸਰ ਸਾਹਿਬ ਤੋਂ ਬੀ ਏ ਤੱਕ ਦੀ ਪੜਾਈ ਵੀ ਕੀਤੀ ਹੈ ।ਉਹ ਸਟਾਰ ਖਿਡਾਰਨ ਦੇ ਨਾਲ ਨਾਲ ਬੇਬਾਕ ਬੁਲਾਰਾ ,ਸੂਝਵਾਨ ਟੀਮ ਲੀਡਰ ਵੀ ਹੈ ।ਉਹ ਕਬੱਡੀ ਖਿਡਾਰਨਾ ਦੇ ਹੱਕ ਵਿੱਚ ਆਵਾਜ ਉਠਾਉਣ ਦਾ ਜਜਬਾ ਰੱਖਦੀ ਹੈ ।

ਉਸਦੀ ਜੋੜੀ ਕਬੱਡੀ ਦੀ ਸੁਪਰ ਸਟਾਰ ਰੇਡਰ ਮੀਨੂੰ ਰਾਣੀ ਨਾਲ ਮਸਹੂਰ ਹੋਈ ਹੈ । ਉਹ ਪੰਜਾਬ ਹਰਿਆਣਾ ਦੇ ਕਬੱਡੀ ਟੂਰਨਾਮੈਂਟਾ ਤੇ ਆਪਣੀ ਖੇਡ ਦੀ ਚੰਗੀ ਧਾਕ ਜਮਾ ਚੁੱਕੀ ।ਅਗਲੇ ਦਿਨਾਂ ਵਿੱਚ ਵਿਸ਼ਵ ਕਬੱਡੀ ਸੰਘ ਤੇ ਭਾਰਤੀ ਕਬੱਡੀ ਸੰਘ ਵਲੋਂ ਰੋਹਤਾਸ ਸਿੰਘ ਨਾਂਦਲ ਤੇ ਹਰਬੀਰ ਕੌਰ ਭਿੰਡਰ ਦੀ ਅਗਵਾਈ ਵਿਚ ਕਰਵਾਈ ਜਾ ਰਹੀ ਪਹਿਲੀ ਮਹਿਲਾ ਕਬੱਡੀ ਲੀਗ ਨੂੰ ਲੈ ਕੇ ਸੁੱਖੀ ਬਹੁਤ ਉਤਸਾਹਿਤ ਹੈ । ਉਸਨੇ ਦੱਸਿਆ ਕਿ ਇਸ ਤਰ੍ਹਾਂ ਦੇ ਉਪਰਾਲੇ ਹੁੰਦੇ ਰਹਿਣੇ ਚਾਹੀਦੇ ਹਨ ।ਤਾਂ ਕਿ ਕਬੱਡੀ ਦੇ ਖੇਤਰ ਵਿੱਚ ਲੜਕੀਆਂ ਨੂੰ ਬਰਾਬਰ ਦੇ ਮੌਕੇ ਮਿਲਦੇ ਰਹਿਣ । ਉਹ ਐਨ ਆਰ ਆਈ ਫਰੈਂਡਜ ਕਲੱਬ ਯੂ ਐਸ ਏ ਸੋਥਾ ( ਹਰਿਆਣਾ ) ਦੀ ਟੀਮ ਦੀ ਕਪਤਾਨ ਹੈ । ਉਸਨੇ ਖੇਡ ਪ੍ਰਮੋਟਰਾ ਤੇ ਕਬੱਡੀ ਲਈ ਯੋਗਦਾਨ ਪਾਉਣ ਵਾਲੇ ਲੋਕਾਂ ਨੂੰ ਅਪੀਲ ਵੀ ਕੀਤੀ ਹੈ ਕਿ ਉਹ ਕੁੜੀਆਂ ਦੀ ਕਬੱਡੀ ਨੂੰ ਵੀ ਬਰਾਬਰ ਮੌਕੇ ਦੇਣ ।ਉਹਨਾਂ ਪੰਜਾਬ ਦੀਆਂ ਧੀਆਂ ਤੇ ਮਾਪਿਆ ਨੂੰ ਅਪੀਲ ਕੀਤੀ ਕਿ ਕਬੱਡੀ ਤੇ ਹੋਰਨਾ ਖੇਡਾਂ ਦੇ ਖੇਤਰ ਵਿੱਚ ਖੁੱਲ੍ਹ ਕੇ ਅੱਗੇ ਆਉਣ ।

ਸੁਖਦੀਪ ਕੌਰ ਸੁੱਖੀ ਸਾਡੀ ਖੇਡ ਕਬੱਡੀ ਦੀ ਮਾਣਮੱਤੀ ਖਿਡਾਰਨ ਹੈ ।ਜਿਸ ਦੀ ਖੇਡ ਤੋਂ ਪ੍ਰਭਾਵਿੱਤ ਹੋ ਕੇ ਅਨੇਕਾ ਮੁਟਿਆਰਾ ਨੇ ਇਸ ਖੇਡ ਦਾ ਪੱਲਾ ਫੜਿਆ ਹੈ ।ਪੰਜਾਬ ਦੀ ਧਰਤੀ ਨੂੰ ਇਹਨਾਂ ਖਿਡਾਰਨਾ ਤੇ ਸਦਾ ਮਾਣ ਰਹੇਗਾ। ਉਹ ਕਬੱਡੀ ਦੇ ਖੇਤਰ ਵਿੱਚ ਹੋਰ ਵੀ ਮੱਲਾ ਮਾਰੇ ਸਾਡੀ ਦੁਆ ਹੈ ।ਆਮੀਨ

ਲੇਖਕ- ਸਤਪਾਲ ਮਾਹੀ ਖਡਿਆਲ,
ਸੰਗਰੂਰ
ਫੋਨ -9815001037

## ਕੌਣ ਬਣੇਗਾ 'ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ' ਦੀ ਬਾਇਓਪਿਕ ਦਾ ਨਾਇਕ




ਪੰਜਾਬੀ ਅਤੇ ਹਿੰਦੀ ਸਿਨਮੇ 'ਚ ਬਾਇਓਪਿਕ ਫ਼ਿਲਮਾਂ ਦਾ ਰੁਝਾਨ ਦਿਨੋਂ-ਦਿਨ ਵਧਦਾ ਜਾ ਰਿਹਾ ਹੈ। ਪਿਛਲੇ ਸਮਿਆਂ 'ਚ ਦੇਸ਼ ਭਗਤਾਂ, ਬਾਲੀਵੁੱਡ ਖੇਤਰ ਅਤੇ ਖੇਡ ਜਗਤ ਦੀਆਂ ਕੁਝ ਨਾਮੀਂ ਸਖ਼ਸ਼ੀਅਤਾਂ ਜਿਵੇਂ ਕਿ ਮਿਲਖਾ ਸਿੰਘ 'ਤੇ ਹਿੰਦੀ ਫ਼ਿਲਮ 'ਭਾਗ ਮਿਲਖਾ ਸਿੰਘ', ਗੀਤਾ ਫੋਗਟ ਦੀ ਬਾਇਓਪਿਕ 'ਦੰਗਲ' ਅਤੇ ਬਾਲੀਵੁੱਡ ਅਦਾਕਾਰ ਸੰਜੇ ਦੱਤ ਦੀ ਬਾਇਓਪਿਕ 'ਸੰਜੂ' ਸਾਹਮਣੇ ਆਈ, ਉਸੇ ਤਰਾਂ ਪਜਾਬੀ ਸਿਨਮੇ ਵਿਚ 'ਹਰਜੀਤਾ' ਅਤੇ 'ਸੂਰਮਾ' ਆਦਿ ਫਿਲਮਾਂ ਆਈਆਂ ਜੋ ਕਿ ਫ਼ਿਲਮੀ ਪਰਦੇ ਤੇ ਸਫਲ ਵੀ ਰਹੀਆਂ।ਇਨਾਂ ਫ਼ਿਲਮਾਂ ਦੀ ਸਫਲਤਾ ਨੇ ਹੋਰ ਫ਼ਿਲਮਕਾਰਾਂ ਦਾ ਧਿਆਨ ਵੀ ਖਿਚਿਆ ਹੈ ਅਤੇ ਹੁਣ ਕੁਝ ਸੂਝਵਾਨ ਫ਼ਿਲਮਕਾਰ ਬਾਇਓਪਿਕ ਫਿਲਮਾਂ ਦੀ ਇਸ ਲੜੀ ਨੂੰ ਅੱਗੇ ਤੋਰਦੇ ਹੋਏ ਕੁਝ ਨਵੇਂ ਤਜੁਰਬੇ ਕਰਨ ਦੀ ਤਿਆਰੀ 'ਚ ਹਨ।

ਬਿਨਾਂ ਸ਼ੱਕ ਅੱਜ ਪੰਜਾਬੀ ਫ਼ਿਲਮਾਂ ਵਿੱਚ ਪੰਜਾਬੀ ਗਾਇਕਾਂ ਦੀ ਤੂਤੀ ਬੋਲਦੀ ਹੈ। ਹਰ ਛੋਟਾ ਵੱਡਾ ਗਾਇਕ ਫ਼ਿਲਮੀ ਪਰਦੇ 'ਤੇ ਛਾਇਆ ਹੋਇਆ ਹੈ। ਪੰਜਾਬੀ ਗਾਇਕਾਂ ਦੇ ਇਸੇ ਰੁਝਾਂਨ ਨੂੰ ਵੇਖਦਿਆਂ ਫ਼ਿਲਮਕਾਰਾਂ ਦਾ ਧਿਆਨ ਬਾਇਓਪਿਕ ਸਿਨਮੇ ਪ੍ਰਤੀ ਹੋਰ ਸੰਜੀਦਾ ਹੋਇਆ ਹੈ। ਜ਼ਿਕਰਯੋਗ ਹੈ ਕਿ ਮਰਹੂਮ ਗਾਇਕ ਅਮਰ ਸਿੰਘ ਚਮਕੀਲਾ ਤੋਂ ਬਾਅਦ ਹੁਣ ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ ਦੀ ਜ਼ਿੰਦਗੀ 'ਤੇ ਫ਼ਿਲਮ ਬਣਨ ਦਾ ਐਲਾਨ ਹੋਇਆ ਹੈ।

ਕੁਲਦੀਪ ਮਾਣਕ ਪੰਜਾਬੀ ਸੰਗੀਤ ਜਗਤ ਦਾ ਉਹ ਥੰਮ ਹੈ ਜੋ ਰਹਿੰਦੀ ਦੁਨੀਆਂ ਤੱਕ ਆਪਣੀ ਆਵਾਜ਼ ਅਤੇ ਅੰਦਾਜ਼ ਸਦਕਾ ਜਿਊਂਦਾ ਰਹੇਗਾ। ਕੁਲਦੀਪ ਮਾਣਕ ਦੀ ਜ਼ਿੰਦਗੀ ਬਹੁਤ ਸੰਘਰਸ਼ ਅਤੇ ਚਣੌਤੀਆਂ ਭਰੀ ਰਹੀ ਹੈ। ਉਸਨੇ ਆਪਣੇ ਆਪ ਨੂੰ ਜ਼ੀਰੋ ਪੱਧਰ ਤੋਂ ਸੁਰੂ ਕਰ ਕੇ ਸ਼ੋਹਰਤ ਅਤੇ ਸਫ਼ਲਤਾ ਦੀ ਸਿਖ਼ਰ ਨੂੰ ਛੂਹਿਆ ਹੈ। ਸਮੇਂ ਅਤੇ ਰੱਬ ਦੇ ਰੰਗਾਂ ਦਾ ਕੁਝ ਪਤਾ ਨਹੀਂ ਹੁੰਦਾ। ਜ਼ਿੰਦਗੀ ਦੀਆਂ ਜੋ ਤ਼ਲਖ ਸੱਚਾਈ ਉਸਨੇ ਆਪਣੀਆਂ ਲੋਕ ਗਥਾਵਾਂ ਵਿੱਚ ਗਾਈਆਂ ਉਨਾਂ 'ਚੋਂ ਬਹੁਤੀਆਂ ਦਾ ਸੱਚ ਉਸਨੇ ਅਖ਼ੀਰੀ ਸਮੇਂ ਹੱਡੀ ਵੀ ਹੰਡਾਇਆ। ਉਸਦੀ ਜ਼ਿੰਦਗੀ ਦੇ ਉਤਰਾਅ-ਚੜਾਅ ਵਾਲੇ ਹਾਲਾਤਾਂ ਦੀ ਤਰਜ਼ਮਾਨੀ ਕਰਦੀ ਵਿਰਕ ਫ਼ਿਲਮਜ਼ ਅਤੇ ਜੋਸ਼ਨ ਬ੍ਰਦਰਜ਼ ਦੀ ਇਸ ਫ਼ਿਲਮ ਦੀ ਕਹਾਣੀ ਐੱਚ ਵਿਰਕ ਨੇ ਲਿਖੀ ਹੈ।ਇਸ ਫ਼ਿਲਮ ਨੂੰ ਨਿਰਦੇਸ਼ਕ ਜੋਸ਼ਨ ਸੰਦੀਪ ਵਲੋਂ ਨਿਰਦੇਸ਼ਿਤ ਕੀਤਾ ਜਾਵਾਗੇ।ਨਿਰਦੇਸ਼ਕ ਜੋਸ਼ਨ ਸੰਦੀਪ ਹਾਲੀਵੁੱਡ ਫ਼ਿਲਮਾਂ ਨਾਲ ਜੁੜਿਆ ਇੱਕ ਨਾਮੀਂ ਨਾਂ ਹੈ ਜੋ ਕਿ ਹਾਲੀਵੁੱਡ ਫ਼ਿਲਮਾਂ 'ਸਕਾਈਫਾਲ', 'ਗੋਸਟ ਰਾਈਡਾਰ 2', 'ਟੋਟਲ ਰੀਕਾਲ' 'ਸਪਾਈਡਰ ਮੈਨ' ਅਤੇ 'ਦਾ ਟੂਰਿਸਟ ਐਂਡ ਸਾਲਟ' ਆਦਿ 'ਚ ਐਸੋਸੀਏਟ ਡਾਇਰੈਕਟਰ ਵਜੋਂ ਕੰਮ ਕਰ ਚੁੱਕਾ ਹੈ।ਨਿਰਦੇਸ਼ਕ ਜੋਸ਼ਨ ਸੰਦੀਪ ਆਪਣੇ ਪਿਤਾ ਜੀ ਦੀ ਦਿਲੀਂ ਇੱਛਾ ਅਨੁਸਾਰ ਹੁਣ ਮਾਂ ਬੋਲੀ ਪੰਜਾਬੀ ਨੂੰ ਵੀ ਆਪਣੀਆਂ ਸੇਵਾਵਾਂ ਦੇਣ ਜਾ ਰਿਹਾ ਹੈ। ਇਸ ਲਈ ਇਹ ਫ਼ਿਲਮ ਉਸਦੀ ਜ਼ਿੰਦਗੀ ਦੀ ਅਹਿਮ ਫ਼ਿਲਮ ਹੈ। ਨਿਰਦੇਸ਼ਕ ਜੋਸ਼ਨ ਨੇ ਦੱਸਿਆ ਕਿ ਇਸ ਫ਼ਿਲਮ ਦੀ ਸਟਾਰਕਾਸਟ ਦਾ ਕੰਮ ਮੁਕੰਮਲ ਹੋ ਗਿਆ ਹੈ ਤੇ ਬਹੁਤ ਜਲਦ ਇਹ ਫ਼ਿਲਮ ਸੈੱਟ 'ਤੇ ਜਾ ਰਹੀ ਹੈ। ਫ਼ਿਲਮੀ ਹਲਕਿਆਂ ਵਿੱਚ ਇਹ ਚਰਚਾ ਜ਼ੋਰਾਂ 'ਤੇ ਹੈ ਕਿ ਆਖਿਰ ਕੌਣ ਹੋਵੇਗਾ ਫ਼ਿਲਮੀ ਪਰਦੇ ਦਾ 'ਕਲੀਆਂ ਦਾ ਬਾਦਸ਼ਾਹ-ਕੁਲਦੀਪ ਮਾਣਕ' ..ਕਿਉਂਕਿ ਇਹ 'ਪੱਤਾ ਖੁੱਲਣਾ' ਅਜੇ ਬਾਕੀ ਹੈ। ਉਨਾਂ ਇਹ ਵੀ ਦੱਸਿਆ ਕਿ ਇਸ ਫ਼ਿਲਮ ਨੂੰ 15 ਨਵੰਬਰ 2019 ਨੂੰ ਸਿਨੇਮਾਘਰਾਂ 'ਚ ਪਰਦਾਪੇਸ਼ ਕੀਤਾ ਜਾਵੇਗਾ।

ਕੁਲਦੀਪ ਮਾਣਕ ਨੇ ਜਿੱਥੇ ਗਾਇਕੀ ਵਿੱਚ ਵੱਡੀਆ ਮੱਲਾਂ ਮਾਰੀਆਂ ਉੱਥੇ ਫ਼ਿਲਮ 'ਬਲਵੀਰੋ ਭਾਬੀ' ਵਿੱਚ ਗਾਇਕ, ਸੰਗੀਤਕਾਰ ਅਤੇ ਅਦਾਕਾਰ ਵਜੋਂ ਵੀ ਪਰਦੇ 'ਤੇ ਨਜ਼ਰ ਆਇਆ। ਫ਼ਿਲਮ 'ਲੰਬੜਦਾਰਨੀ' ਵਿੱਚ ਉਸਦਾ ਗਾਇਆ ਗੀਤ 'ਯਾਰਾਂ ਦਾ ਟਰੱਕ ਬੱਲੀਏ...' ਅੱਜ ਵੀ ਅਮਰ ਹੈ। ਕੁਲਦੀਪ ਮਾਣਕ ਜਿਹੇ ਪੰਜਾਬੀ ਗਾਇਕੀ ਦੇ ਅਹਿਮ ਦਸ਼ਤਾਵੇਜ਼ ਸਾਂਭਣ ਲਈ ਪੰਜਾਬੀ ਸਿਨਮਾ ਅਤੇ ਇਸ ਨਾਲ ਜੁੜੇ ਫ਼ਿਲਮਕਾਰ ਪ੍ਰਸ਼ੰਸ਼ਾਂ ਦੇ ਹੱਕਦਾਰ ਹਨ।

ਲੇਖਕ- ਹਰਜਿੰਦਰ ਸਿੰਘ 9463828000

## ਸਾਹਿਬ ਬਹੁਤ ਗੁੱਸੇ ਵਿੱਚ ਆ..

-ਪ੍ਰਕਾਸ਼ ਸਿੰਘ ਜੈਤੋ-

ਬਠਿੰਡਾ ਜੇਲ੍ਹ ਵਿੱਚ ਮੈਂ ਉਸ ਵੇਲੇ ਸਿਪਾਹੀ ਦੀ ਡਿਊਟੀ ਕਰਦਾ ਸਾਂ ਕਿ ਨਾਲ ਦੇ ਮੁਲਾਜ਼ਮ ਦਾ ਵਿਆਹ ਹੋ ਗਿਆ। ਸਾਥੀ ਮੁਲਾਜ਼ਮਾਂ ਨੇ ਪਹਿਲਾਂ-ਪਹਿਲਾਂ ਛੁੱਟੀ ਮਨਜ਼ੂਰ ਕਰਵਾ ਲਈ, ਮੈਂ ਪਛੜ ਗਿਆ ਅਤੇ ਛੁੱਟੀ ਵਾਸਤੇ ਲਾਈਨ ਅਫਸਰ ਦੇ ਪੇਸ਼ ਹੋਇਆ। ਉਸ ਨੇ ਸਾਫ ਜਵਾਬ ਦਿੱਤਾ ਕਿ ਪਹਿਲਾਂ ਹੀ ਵਾਧੂ ਮੁਲਾਜ਼ਮ ਛੁੱਟੀ 'ਤੇ ਹਨ। ਆਖਰਕਾਰ ਵੱਡੇ ਸਾਹਿਬ ਦੇ ਪੇਸ਼ ਹੋਣ ਦਾ ਮਨ ਬਣਾਇਆ। ਸਾਹਿਬ ਦੇ ਅਰਦਲੀ ਨੂੰ ਦੱਸਿਆ ਕਿ ਛੁੱਟੀ ਲਈ ਪੇਸ਼ ਹੋਣਾ ਤਾਂ ਉਹ ਬੋਲਿਆ, 'ਅੱਜ ਤਾਂ ਬਚੋ, ਸਾਹਿਬ ਬਹੁਤ ਗਰਮ ਆ।' ਖੈਰ! ਕਿਸੇ ਤਰੀਕੇ ਵਿਆਹ ਵੇਖ ਲਿਆ, ਪਰ ਇਕ ਗੱਲ ਮੇਰੀ ਸਮਝ ਵਿੱਚ ਨਹੀਂ ਆਈ ਕਿ ਹਰ ਵਾਰ ਸਾਹਿਬ ਗਰਮ ਕਿਉਂ ਹੁੰਦਾ ਹੈ? ਕੀ ਕਦੇ ਛੋਟੇ ਮੁਲਾਜ਼ਮ ਨੂੰ ਗਰਮ ਹੋਣ ਦਾ ਕੋਈ ਹੱਕ ਨਹੀਂ?

ਕਈ ਵਾਰ ਜਦ ਸਾਹਿਬ ਗਰਮ ਹੁੰਦਾ ਤਾਂ ਕਿਸੇ ਹੋਰ ਦੀ ਸਜ਼ਾ ਵੀ ਛੋਟੇ ਮੁਲਾਜ਼ਮ ਨੂੰ ਮਿਲ ਜਾਂਦੀ ਹੈ। ਇਕ ਵਾਰ ਪੰਜਾਬ ਪੁਲਸ ਦੇ ਸਿਪਾਹੀ ਨੂੰ ਉਸ ਦੇ ਇੰਚਾਰਜ ਨੇ ਵੱਡੇ ਸਾਹਿਬ ਦੇ ਅੱਗੇ ਪੇਸ਼ ਕਰਕੇ ਕਿਹਾ ਕਿ ਸਾਹਿਬ ਬਹਾਦਰ, ਇਸ ਸਿਪਾਹੀ ਨੂੰ ਸਖਤ ਸਜ਼ਾ ਦੇਵੋ, ਕਿਉਂਕਿ ਇਹ ਆਪਣੀ ਡਿਊਟੀ ਠੀਕ ਢੰਗ ਨਾਲ ਨਹੀਂ ਕਰਦਾ ਤੇ ਵਾਰ-ਵਾਰ ਡਿਊਟੀ ਤੋਂ ਗੈਰ ਹਾਜ਼ਰ ਰਹਿੰਦਾ ਹੈ। ਅੱਗੋਂ ਸਾਹਿਬ ਵੀ ਹੋਰ ਮਿਜ਼ਾਜ ਦਾ ਬੰਦਾ ਸੀ, ਕਹਿੰਦਾ; 'ਸਭ ਤੋਂ ਵੱਡੀ ਸਜ਼ਾ ਤਾਂ ਇਸ ਨੂੰ ਉਸੇ ਦਿਨ ਮਿਲ ਗਈ, ਜਿਸ ਦਿਨ ਇਹ ਸਿਪਾਹੀ ਭਰਤੀ ਹੋ ਗਿਆ, ਇਸ ਤੋਂ ਵੱਡੀ ਸਜ਼ਾ ਇਹਨੂੰ ਮੈਂ ਕੀ ਦੇਵਾਂ।'

ਬਠਿੰਡਾ ਜੇਲ੍ਹ ਦੇ ਅਫਸਰਾਂ ਦੀਆਂ ਕੋਠੀਆਂ ਦੇ ਨਾਲ ਸਬਜ਼ੀ ਲਈ ਬਗੀਚੀਆਂ ਬਣੀਆਂ ਹੋਈਆਂ ਸਨ, ਜਿਥੇ ਕੈਦੀ ਜੇਲ੍ਹ ਦੇ ਅਫਸਰਾਂ ਤੇ ਪਰਵਾਰ ਲਈ ਅਗੇਤੀ ਪਛੇਤੀ ਸਬਜ਼ੀ ਤਿਆਰ ਕਰਦੇ ਸਨ। ਬਠਿੰਡਾ ਜੇਲ੍ਹ ਵਿਚ ਵੱਡੇ ਸਾਹਿਬ ਦੇ ਬਗੀਚੇ ਵਿੱਚ ਅਗੇਤੇ ਕੱਦੂਆਂ ਦੀ ਵੇਲ ਲੱਗੀ ਸੀ, ਫੁੱਲਾਂ ਪਿੱਛੋਂ ਛੋਟੇ-ਛੋਟੇ ਦੋ ਕੱਦੂ ਵੀ ਲੱਗ ਆਏ। ਸਾਹਿਬ ਬਗੀਚੇ ਕੋਲੋਂ ਲੰਘਦੇ ਇਨ੍ਹਾਂ ਕੱਦੂਆਂ ਨੂੰ ਵੇਖਦੇ ਤੇ ਕੋਠੀ ਵਿੱਚ ਡਿਊਟੀ ਕਰਦੇ ਮੁਲਾਜ਼ਮ ਨੂੰ ਕੱਦੂਆਂ ਨੂੰ ਨਿਗਰਾਨੀ ਲਈ ਤਾਕੀਦ ਕਰਦੇ ਕਿ ਵੇਖੀਂ ਕਿਤੇ, ਜੇ ਆਪਣੇ ਕੱਦੂ ਕਿਸੇ ਨੇ ਤੋੜ ਲਏ ਤਾਂ ਤੇਰੀ ਖੈਰ ਨਹੀਂ। ਕੱਦੂ ਥੋੜ੍ਹੇ ਵੱਡੇ ਹੋਏ, ਇਕ ਦਿਨ ਸਾਹਿਬ ਦੇ ਦਫਤਰ ਜਾਣ ਤੋਂ ਬਾਅਦ 'ਮੇਮ ਸਾਹਿਬ' (ਸਾਹਿਬ ਦੀ ਪਤਨੀ) ਦੇ ਭਰਾ ਅਤੇ ਭਰਜਾਈ ਆ ਗਏ। ਭਰਜਾਈ ਦੀ ਨਿਗ੍ਹਾ ਸਿੱਧੂ ਕੱਦੂਆਂ ਉਤੇ ਗਈ ਤੇ ਉਸ ਨੇ 'ਮੇਮ ਸਾਹਿਬ' ਨੂੰ ਕਹਿ ਕੇ ਉਹ ਕੱਦੂ ਉਸੇ ਡਿਊਟੀ ਵਾਲੇ ਮੁਲਾਜ਼ਮ ਤੋਂ ਤੁੜਵਾ ਕੇ ਗੱਡੀ ਵਿੱਚ ਰਖਵਾ ਲਏ ਤੇ ਚਲੇ ਗਏ। ਸ਼ਾਮ ਨੂੰ ਡਿਊਟੀ ਤੋਂ ਵਾਪਸ ਆਏ ਸਾਹਿਬ ਨੇ ਕੱਦੂ ਗਾਇਬ ਦੇਖੇ ਤਾਂ ਮੁਲਾਜ਼ਮ ਨੂੰ ਪੁੱਛਿਆ। ਉਹਨੇ ਸਾਰੀ ਗੱਲ ਕਹਿ ਸੁਣਾਈ। ਸਾਹਿਬ 'ਮੇਮ ਸਾਹਿਬ' ਨੂੰ ਤਾਂ ਕੁਝ ਕਹਿ ਨਾ ਸਕੇ, ਪਰ ਆਪਣਾ ਪਾਰਾ ਉਸ ਮੁਲਾਜ਼ਮ 'ਤੇ ਕਈ ਦਿਨ ਉਤਾਰਦੇ ਰਹੇ, ਇਥੋਂ ਤੱਕ ਕਿ ਸਸਪੈਂਡ ਕਰਨ ਦੀਆਂ ਧਮਕੀਆਂ ਵੀ ਮਿਲੀਆਂ।

ਅੰਮ੍ਰਿਤਸਰ ਜੇਲ੍ਹ ਤੋਂ ਵੱਡੇ ਸਾਹਿਬ ਦੀ ਬਦਲੀ ਫਰੀਦਕੋਟ ਜੇਲ੍ਹ ਦੀ ਹੋਈ। ਉਸ ਨੇ ਸਾਰਾ ਸਮਾਨ ਲੱਦਵਾ ਲਿਆ ਤੇ ਆਪ ਸਰਕਾਰੀ ਗੱਡੀ ਵਿਚ ਬੈਠ ਕੇ ਫਰੀਦਕੋਟ ਚਾਲੇ ਪਾ ਦਿੱਤੇ। ਆਮ ਤੌਰ 'ਤੇ ਪੰਜਾਬ ਦੀ ਕਿਸੇ ਟਾਵੀਂ ਜੇਲ੍ਹ ਵਿੱਚ ਹੀ ਸਰਕਾਰੀ ਗੱਡੀ ਹੈ, ਨਹੀਂ ਤਾਂ ਅਫਸਰਾਂ ਦੀਆਂ ਆਪਣੀਆਂ ਪ੍ਰਾਈਵੇਟ ਗੱਡੀਆਂ ਹਨ ਜਾਂ ਸਰਦੇ ਪੁੱਜਦੇ ਕੈਦੀਆਂ ਦੀਆਂ ਗੱਡੀਆਂ ਵਗਾਰ ਵਜੋਂ ਵਰਤਦੇ ਹਨ। ਜਦ ਸਾਹਿਬ ਪਹਿਲੇ ਦਿਨ ਫਰੀਦਕੋਟ ਜੇਲ੍ਹ ਦੇ ਦਫਤਰ ਪਹੁੰਚੇ ਤਾਂ ਪਤਾ ਲੱਗਾ ਕਿ ਇਥੇ ਕੋਈ ਸਰਕਾਰੀ ਗੱਡੀ ਨਹੀਂ ਹੈ, ਉਨ੍ਹਾਂ ਨੇ ਅੰਮ੍ਰਿਤਸਰ ਜੇਲ੍ਹ ਵਾਲੀ ਗੱਡੀ ਦੀਆਂ ਚਾਬੀਆਂ ਫੜ ਕੇ ਡਰਾਈਵਰ ਨੂੰ ਵਾਪਸ ਅੰਮ੍ਰਿਤਸਰ ਭੇਜ ਦਿੱਤਾ। ਅੰਮ੍ਰਿਤਸਰ ਵਾਲੇ ਸਾਹਿਬ ਨੂੰ ਸਰਕਾਰੀ ਗੱਡੀ ਬਾਰੇ ਜਾਣਕਾਰੀ ਮਿਲੀ ਤਾਂ ਡਰਾਈਵਰ ਨੂੰ ਸਸਪੈਂਡ ਕਰ ਦਿੱਤਾ ਤੇ ਨਾਲ ਹਦਾਇਤ ਕਰ ਦਿੱਤੀ ਕਿ ਜਦੋਂ ਫਰੀਦਕੋਟ ਤੋਂ ਗੱਡੀ ਵਾਪਸ ਲੈ ਆਵੇ, ਡਿਊਟੀ 'ਤੇ ਬਹਾਲ ਕਰ ਦਿੱਤਾ ਜਾਵੇਗਾ। ਡਰਾਈਵਰ ਵਿਚਾਰਾ ਅੰਮ੍ਰਿਤਸਰੋਂ ਪਹਿਲੀ ਬੱਸ ਫੜ ਕੇ ਫਰੀਦਕੋਟ ਪਹੁੰਚ ਜਾਇਆ ਕਰੇ ਅਤੇ ਸ਼ਾਮ ਤੱਕ ਵੱਡੇ ਸਾਹਿਬ ਤੋਂ 2-3 ਵਾਰੀ ਬੇਇੱਜ਼ਤੀ ਕਰਵਾ ਕੇ ਮੁੜ ਜਾਇਆ ਕਰੇ। ਫਰੀਦਕੋਟ ਵਾਲਾ ਸਾਹਿਬ ਪੰਜਾਬ ਪੁਲਸ ਵਿੱਚੋਂ ਜੇਲ੍ਹ ਵਿੱਚ ਡੈਪੂਟੇਸ਼ਨ ਉਤੇ ਸੀ। ਸਬੱਬ ਨਾਲ ਉਸ ਦੀ ਵਾਪਸੀ ਪੰਜਾਬ ਪੁਲਸ ਵਿੱਚ ਹੋ ਗਈ ਤੇ ਉਹ ਗੱਡੀ ਵਾਪਸ ਅੰਮ੍ਰਿਤਸਰ ਜੇਲ੍ਹ ਨੂੰ ਮਿਲ ਗਈ। ਇਸ ਤੋਂ ਬਾਅਦ ਉਸ ਡਰਾਈਵਰ ਦੀ ਜਾਨ ਛੁੱਟ ਸਕੀ।

ਛੋਟੇ ਮੁਲਾਜ਼ਮਾਂ ਲਈ ਮੇਰੇ ਕੋਲ ਨਿੱਜੀ ਰਾਏ ਹੈ ਕਿ ਉਨ੍ਹਾਂ ਨੂੰ ਵੋਟਾਂ ਵੇਲੇ ਆਪਣੀ ਇਹ ਮੰਗ ਰੱਖਣੀ ਚਾਹੀਦੀ ਹੈ-ਅਸੀਂ ਤਾਂ ਉਸੇ ਪਾਰਟੀ ਨੂੰ ਚੁਣਾਂਗੇ, ਜੋ ਕਦੇ-ਕਦੇ ਛੋਟੇ ਮੁਲਾਜ਼ਮ ਨੂੰ ਵੀ ਗਰਮ ਹੋਣ ਦਾ ਮੌਕਾ ਦੇਵੇਗੀ..।

## ਜਦੋਂ ਲੈਣੇ ਦੇ ਦੇਣੇ ਪੈ ਜਾਂਦੇ..

-ਰਾਜਕੁਮਾਰ ਸ਼ਰਮਾ


ਭਾਰਤ ਵਿੱਚ ਅੰਧ ਵਿਸ਼ਵਾਸਾਂ ਦੀ ਕਮੀ ਨਹੀਂ। ਹਰ ਜਗ੍ਹਾ ਦੇ ਵੱਖੋ-ਵੱਖਰੇ ਅੰਧ ਵਿਸ਼ਵਾਸ ਹੋਣ ਕਾਰਨ ਕਈ ਵਾਰ ਅਜੀਬੋ ਗਰੀਬ ਹਾਲਾਤ ਪੈਦਾ ਹੋ ਜਾਂਦੇ ਹਨ। ਕਈ ਲੋਕ ਅਖੌਤੀ ਸਿਆਣਿਆਂ ਪਿੱਛੇ ਲੱਗ ਕੇ ਬਹੁਤ ਕੁਝ ਲੁਟਾ ਬੈਠਦੇ ਹਨ। ਇਕ ਪਾਸੇ ਦੁਨੀਆ ਚੰਨ 'ਤੇ ਪੁਹੰਚ ਗਈ ਹੈ, ਅੱਗੋਂ ਮੰਗਲ ਗ੍ਰਹਿ 'ਤੇ ਪਹੁੰਚਣ ਲਈ ਕਾਰਵਾਈਆਂ ਕਰਨ ਲੱਗ ਪਈ ਹੈ, ਪਰ ਬਹੁਤੇ ਲੋਕ ਅਜੇ ਵੀ ਵਹਿਮਾਂ ਦੇ ਜਾਲ ਵਿੱਚ ਬੁਰੀ ਤਰ੍ਹਾਂ ਫਸੇ ਹੋਏ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੰਡਤਾਂ ਦੇ ਫੈਲਾਏ ਅੰਧ ਵਿਸ਼ਵਾਸਾਂ 'ਚੋਂ ਬਾਹਰ ਨਿਕਲਣ ਲਈ ਲੋਕਾਂ ਨੂੰ ਪ੍ਰੇਰਿਆ, ਪਰ ਸਦੀਆਂ ਬੀਤ ਗਈਆਂ, ਲੋਕ ਅਜੇ ਵੀ ਨਹੀਂ ਸਮਝੇ। ਅਖੌਤੀ ਪੰਡਤ ਅੱਜ ਵੀ ਵੱਖ-ਵੱਖ ਮੁਸੀਬਤਾਂ ਵਿੱਚ ਫਸੇ ਭੋਲੇ ਭਾਲੇ ਲੋਕਾਂ ਨੂੰ ਆਪਣੇ ਪਿੱਛੇ ਲਾ ਲੈਂਦੇ ਹਨ। ਸਮਾਜ ਵਿੱਚ ਫੈਲੇ ਅੰਧ ਵਿਸ਼ਵਾਸਾਂ ਨੂੰ ਆਪਣੀ ਦੂਰੋਂ ਸਲਾਮ ਹੈ। ਕੰਮ ਵਿੱਚ ਵਿਸ਼ਵਾਸ ਰੱਖਣ ਵਾਲਾ ਬੰਦਾ ਫਾਲਤੂ ਦੇ ਕਰਮ ਕਾਂਡਾਂ ਤੋਂ ਕੋਹਾਂ ਦੂਰ ਰਹਿੰਦਾ ਹੈ। ਇਨ੍ਹਾਂ ਲੋਕਾਂ ਲਈ ਕੰਮ ਹੀ ਪੂਜਾ ਹੈ। ਇਹ ਲੋਕ ਕਿਸੇ ਦਾ ਦਿਲ ਦੁਖਾਉਣ ਦੀ ਥਾਂ ਮਸਤ ਰਹਿਣਾ ਲੋਚਦੇ ਹਨ। ਛਿੱਕ, ਬਿੱਲੀ ਦਾ ਰਸਤਾ ਕੱਟਣਾ, ਕੁੱਤੇ ਜਾਂ ਬਿੱਲੀ ਦਾ ਰਾਤ ਨੂੰ ਰੋਣਾ ਆਦਿ ਅਜਿਹੇ ਲੋਕਾਂ ਨੂੰ ਕੋਈ ਫਰਕ ਨਹੀਂ ਪਾਉਂਦਾ। ਜੀਵਨ ਦੀ ਇਕ ਹੀ ਸਚਾਈ ਸਭ ਤੋਂ ਵੱਡੀ ਹੈ, ਤੇ ਉਹ ਮੌਤ ਹੈ। ਜਿਉਣਾ ਮਰਨਾ ਸਭ ਕੁਦਰਤੀ ਹੈ। ਫਿਰ ਵੀ ਕਈ ਵਾਰ ਹਾਲਾਤ ਇਸ ਤਰ੍ਹਾਂ ਦੇ ਹੋ ਜਾਂਦੇ ਹਨ ਕਿ ਲੈਣੇ ਦੇ ਦੇਣੇ ਪੈ ਜਾਂਦੇ ਹਨ।

ਪਿਛਲੇ ਦਿਨਾਂ ਦੀ ਗੱਲ ਹੈ, ਸਵੇਰ ਵੇਲੇ ਕਿਧਰੇ ਜਾਣ ਦੀ ਤਿਆਰੀ ਕਰ ਰਿਹਾ ਸੀ ਕਿ ਦੋਸਤ ਦਾ ਫੋਨ ਆ ਗਿਆ। ਉਸ ਦੇ ਪਿਤਾ ਜੀ ਇਸ ਸੰਸਾਰ ਨੂੰ ਆਖਰੀ ਅਲਵਿਦਾ ਕਹਿ ਗਏ ਸਨ। 'ਮੈਂ ਆਉਨਾ' ਕਹਿ ਕੇ ਸਿੱਧਾ ਹਸਪਤਾਲ ਚਲਾ ਗਿਆ, ਜਿਥੇ ਉਸ ਦੇ ਪਿਤਾ ਦਾਖਲ ਸਨ। ਸਾਰੀਆਂ ਬਣਦੀਆਂ ਕਾਰਵਾਈਆਂ ਮੁਕੰਮਲ ਕੀਤੀਆਂ ਅਤੇ ਦੇਹ ਦੋਸਤ ਦੇ ਘਰ ਲੈ ਆਏ। ਅੰਤਿਮ ਸੰਸਕਾਰ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ ਸਨ। ਅਰਥੀ ਚੁੱਕਣ ਵੇਲੇ ਮੈਂ ਵੀ ਮੋਢਾ ਦਿੱਤਾ। ਘਰ ਤੋਂ ਸ਼ਮਸ਼ਾਨ ਘਾਟ ਤੱਕ ਆਪਣੇ ਦੋਸਤ ਦੇ ਨਾਲ ਰਿਹਾ। ਸੰਸਕਾਰ ਤੋਂ ਬਾਅਦ ਸਾਰੇ ਜਣੇ ਆਪੋ ਆਪਣੇ ਘਰਾਂ ਨੂੰ ਤੁਰ ਪਏ। ਮੈਂ ਵੀ ਦੋਸਤ ਨੂੰ ਮਿਲ ਕੇ ਘਰ ਜਾਣ ਲਈ ਸ਼ਮਸ਼ਾਨ ਘਾਟ ਤੋਂ ਬਾਹਰ ਆ ਗਿਆ। ਬਾਹਰ ਆ ਕੇ ਘੜੀ ਉਤੇ ਟਾਈਮ ਵੇਖਿਆ ਤਾਂ ਦਫਤਰ ਜਾਣ ਦਾ ਵੇਲਾ ਹੋ ਚੁੱਕਾ ਸੀ। ਮੈਂ ਘਰ ਜਾਣ ਦੀ ਥਾਂ ਸਿੱਧਾ ਦਫਤਰ ਨੂੰ ਹੋ ਤੁਰਿਆ। ਉਥੇ ਰੋਜ਼ ਵਾਂਗ ਆਪਣਾ ਕੰਮ ਕਾਰ ਕਰਦਾ ਰਿਹਾ। ਵੇਲੇ ਮੁਤਾਬਕ ਸਾਥੀਆਂ ਨਾਲ ਚਾਹ ਪਾਣੀ ਵੀ ਪੀਤਾ। ਰਾਤ ਨੂੰ ਸਾਢੇ ਦਸ ਵਜੇ ਦਫਤਰੋਂ ਛੁੱਟੀ ਕੀਤੀ। ਇਸ ਦੌਰਾਨ ਪਤਨੀ ਕਈ ਵਾਰ ਫੋਨ ਕਰਕੇ ਘਰ ਆਉਣ ਬਾਰੇ ਪੁੱਛ ਚੁੱਕੀ ਸੀ ਕਿ ਕਦੋਂ ਪਹੁੰਚੋਗੇ। ਰਾਤੀਂ ਗਿਆਰਾਂ ਵਜੇ ਘਰ ਪੁੱਜਾ ਤਾਂ ਪਤਨੀ ਜਾਗ ਹੀ ਨਹੀਂ ਸੀ ਰਹੀ, ਸਗੋਂ ਦਰਵਾਜ਼ੇ ਮੂਹਰੇ ਖੜੀ ਸੀ। ਉਹਨੇ ਜਾਲੀ ਵਾਲੇ ਦਰਵਾਜ਼ੇ ਵਿੱਚੋਂ ਕਿਹਾ ਕਿ ਸਿੱਧਾ ਗੁਸਲਖਾਨੇ ਵਿੱਚ ਚਲਾ ਜਾਵਾਂ ਅਤੇ ਨਹਾ ਕੇ ਕਮਰੇ ਅੰਦਰ ਆਵਾਂ। ਬਥੇਰਾ ਕਿਹਾ ਕਿ ਸੰਸਕਾਰ ਤੋਂ ਬਾਅਦ ਦਫਤਰ ਗਿਆ ਹਾਂ, ਉਥੇ ਕੰਮਕਾਰ ਕਰਦਾ ਰਿਹਾ ਹਾਂ, ਖਾ ਪੀ ਚੁੱਕਾ ਹਾਂ, ਵਹਿਮ ਕੀਤਿਆਂ ਕੁਝ ਨਹੀਂ ਬਣਦਾ, ਨਾਲੇ ਅੱਜ ਠੰਢ ਬਹੁਤ ਹੈ, ਅੰਦਰ ਲੰਘ ਜਾਣ ਦੇ, ਪਰ ਉਸ ਦਾ ਆਖਣਾ ਸੀ- ਗੁਸਲਖਾਨੇ ਵਿੱਚ ਗੀਜ਼ਰ ਲੱਗਿਆ ਹੋਇਐ, ਠੰਢ ਦਾ ਕੋਈ ਬਹਾਨਾ ਨਹੀਂ ਚੱਲਣਾ। ਪਾਣੀ ਗਰਮ ਕਰੋ ਤੇ ਨਹਾਓ।

ਖੈਰ! ਗਰਮ ਪਾਣੀ ਹੋਣ ਦੇ ਸਹਾਰੇ ਨਹਾਉਣ ਲਈ ਗੁਸਲਖਾਨੇ ਜਾ ਵੜਿਆ ਅਤੇ ਗਰਮ ਤੇ ਠੰਢੇ ਪਾਣੀ ਵਾਲੀਆਂ ਟੂਟੀਆਂ ਛੱਡ ਲਈਆਂ। ਪਾਣੀ ਦੀ ਅੱਧੀ ਕੁ ਬਾਲਟੀ ਹੋਈ ਤਾਂ ਪਿੰਡੇ 'ਤੇ ਪਾਣੀ ਪਾਉਣਾ ਸ਼ੁਰੂ ਕੀਤਾ। ਗਰਮ ਪਾਣੀ ਨਾਲ ਮੈਨੂੰ ਥੋੜ੍ਹੀ ਰਾਹਤ ਜਿਹੀ ਮਹਿਸੂਸ ਹੋਈ ਅਤੇ ਪਤਨੀ ਖਿਲਾਫ ਭਰਿਆ ਮਾੜਾ ਮੋਟਾ ਰੋਸਾ ਜਿਹਾ ਘਟ ਗਿਆ। ਪਿੰਡੇ ਉਤੇ ਸਾਬਣ ਮਲਣ ਤੋਂ ਬਾਅਦ ਜਦੋਂ ਮੈਂ ਪਾਣੀ ਦਾ ਮੱਘ ਭਰ ਕੇ ਸਿਰ 'ਤੇ ਪਾਇਆ ਤਾਂ ਉਪਰਲਾ ਸਾਹ ਉਪਰ ਅਤੇ ਹੇਠਾਂ ਦਾ ਹੇਠਾਂ ਰਹਿ ਗਿਆ। ਬੱਸ ਸਾਹ ਹੀ ਸੂਤਿਆ ਗਿਆ। ਅਸਲ ਵਿੱਚ ਗੀਜ਼ਰ ਦੀ ਗੈਸ ਖਤਮ ਹੋ ਗਈ ਤੇ ਦੋਵੇਂ ਪਾਸੇ ਜਿਹੜੇ ਪਾਣੀ ਆ ਰਿਹਾ ਸੀ, ਉਹ ਟੈਂਕੀ ਦਾ ਸੀ, ਬਿਲਕੁਲ ਠੰਢਾ ਠਾਰ।

ਇਕ ਫਿਲਮੀ ਸੀਨ ਝੱਟ ਅੱਖਾਂ ਅੱਗੇ ਆਣ ਅਟਕਿਆ; ਮੇਰੇ ਮਰਨ ਦਾ ਵੇਲਾ ਆ ਪਹੁੰਚਿਆ ਸੀ, ਆਖਰੀ ਰਸਮਾਂ ਹੋ ਰਹੀਆਂ ਹਨ। ਠੰਢੇ ਪਾਣੀ ਨੇ ਸਮਝੋ ਨਾਂਹ ਕਰਵਾ ਦਿੱਤੀ। ਜਿਵੇਂ ਕਿਵੇਂ ਬੜੀ ਮੁਸ਼ਕਿਲ ਨਾਲ ਨਹਾ ਕੇ ਬਾਹਰ ਨਿਕਲਿਆ ਤੇ ਸਿੱਧਾ ਜਾ ਕੇ ਰਜਾਈ ਵਿੱਚ ਵੜ ਗਿਆ ਤੇ ਸੋਚੀਂ ਪੈ ਗਿਆ ਪਤਨੀ ਦਾ ਵਹਿਮ ਸੀ ਕਿ ਦਿਨੇਂ ਮਰਗ 'ਤੇ ਗਿਆ ਸਾਂ, ਕਿਤੇ ਕੋਈ ਭੂਤ ਨਾ ਮੇਰੇ ਨਾਲ ਤੁਰਿਆ ਆਇਆ ਹੋਵੇ! ਭੂਤ ਨੇ ਮੇਰੇ ਨਾਲ ਸ਼ਮਸ਼ਾਨ ਘਾਟ ਤੋਂ ਕੀ ਆਉਣਾ ਸੀ, ਇੰਨਾ ਜਾਣਦਾ ਹਾਂ ਕਿ ਜੇ ਅੱਜ ਗੁਸਲਖਾਨੇ ਵਿੱਚ ਸਾਹ ਨਾ ਮੁੜਦਾ ਤਾਂ ਮੈਂ ਜ਼ਰੂਰ ਭੂਤ (ਭੂਤਪੂਰਵ) ਹੋ ਜਾਣਾ ਸੀ..।

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

Your Travel Safety
Our Priority


JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com
647-739-4641
346-714-0224

# ਭਾਰਤ ਵਿੱਚ ਬਜ਼ੁਰਗਾਂ ਦੀ ਦਸ਼ਾ ਤਰਸ ਯੋਗ

-ਪੀ ਡੀ ਸ਼ਰਮਾ-



ਅੱਜ ਭਾਰਤ ਵਿੱਚ ਬਜ਼ੁਰਗਾਂ ਦੀ ਹਾਲਤ ਬਹੁਤ ਤਰਸ ਯੋਗ ਹੈ। ਪ੍ਰਾਚੀਨ ਭਾਰਤੀ ਸਭਿਅਤਾ ਵਿੱਚ ਕਿਹਾ ਗਿਆ ਹੈ ਕਿ ਸਾਨੂੰ ਮਾਤਾ-ਪਿਤਾ, ਆਚਾਰੀਆ, ਮਹਿਮਾਨ ਨੂੰ 'ਦੇਵਤੇ ਦੇ ਬਰਾਬਰ' ਸਮਝਣਾ ਚਾਹੀਦਾ ਹੈ ਅਤੇ ਇਨ੍ਹਾਂ ਨੂੰ ਹਮੇਸ਼ਾ ਆਪਣੇ ਨਿਮਰ ਰਵੱਈਏ ਨਾਲ ਖੁਸ਼ ਰੱਖਣਾ ਚਾਹੀਦਾ ਹੈ। ਭਾਰਤ ਲੰਮੇ ਸਮੇਂ ਤੱਕ ਗੁਲਾਮ ਰਿਹਾ ਹੈ ਤੇ ਇਸੇ ਕਰ ਕੇ ਸਾਡੀ ਸਭਿਅਤਾ ਕਾਫੀ ਧੁੰਦਲੀ ਹੋ ਗਈ ਹੈ। ਅੱਜ ਅਸੀਂ ਜੀਵਨ ਦੀਆਂ ਕਦਰਾਂ ਕੀਮਤਾਂ ਨੂੰ ਨਕਾਰ ਕੇ ਭੌਤਿਕਤਾ ਦੇ ਗੁਲਾਮ ਬਣਦੇ ਜਾ ਰਹੇ ਹਾਂ। ਇਸੇ ਦਾ ਸਿੱਟਾ ਹੈ ਕਿ ਬਜ਼ੁਰਗਾਂ ਦੀ ਇਥੇ ਦੁਰਦਸ਼ਾ ਹੋ ਰਹੀ ਹੈ।

ਬਜ਼ੁਰਗਾਂ ਦੀ ਸਮੱਸਿਆ ਸਭ ਤੋਂ ਪਹਿਲਾਂ ਯੂ ਐੱਨ ਓ 'ਚ ਅਰਜਨਟੀਨਾ ਨੇ 1948 ਵਿੱਚ ਜ਼ਾਹਿਰ ਕੀਤੀ ਸੀ। ਉਸ ਤੋਂ ਬਾਅਦ 1969 ਵਿੱਚ ਮਾਲਟਾ ਨੇ ਇਹ ਸਮੱਸਿਆ ਉਛਲੀ ਸੀ ਅਤੇ ਇਸ ਦੇ ਸਿੱਟੇ ਵਜੋਂ 1971 ਵਿੱਚ ਯੂ ਐੱਨ ਓ ਦੇ ਸਕੱਤਰ ਜਨਰਲ ਨੂੰ ਕਿਹਾ ਗਿਆ ਕਿ ਉਹ ਬਜ਼ੁਰਗਾਂ ਦੀਆਂ ਪ੍ਰੇਸ਼ਾਨੀਆਂ ਬਾਰੇ ਇੱਕ ਵਿਸਥਾਰ ਪੂਰਵਕ ਰਿਪੋਰਟ ਤਿਆਰ ਕਰਵਾਉਣ। ਸਾਲ 1978 ਵਿੱਚ ਯੂ ਐੱਨ ਓ ਨੇ ਫੈਸਲਾ ਕੀਤਾ ਕਿ ਬੁਢਾਪੇ ਬਾਰੇ ਵਿਸ਼ਵ ਕਾਨਫਰੰਸ ਸੱਦੀ ਜਾਵੇ। ਉਸ ਤੋਂ ਬਾਅਦ 26 ਜੁਲਾਈ ਤੋਂ ਅਗਸਤ 1982 ਤੱਕ ਬਜ਼ੁਰਗਾਂ ਬਾਰੇ ਵਰਲਡ ਅਸੈਂਬਲੀ ਵਿਆਨਾ ਵਿੱਚ ਹੋਈ ਸੀ, ਜਿਸ ਵਿੱਚ ਬੁਢਾਪੇ ਬਾਰੇ 'ਇੰਟਰਨੈਸ਼ਨਲ ਪਲਾਨ ਆਫ ਐਕਸ਼ਨ' ਪਾਸ ਕੀਤਾ ਗਿਆ। ਇਸ ਦੇ ਨਾਲ ਦੇਸ਼ਾਂ ਨੂੰ ਇਸ ਵਿਸ਼ੇ 'ਤੇ ਪ੍ਰੇਰਿਤ ਕੀਤਾ ਗਿਆ ਕਿ ਉਹ ਬੁਢਾਪੇ ਦੇ ਸਮਾਜਕ, ਆਰਥਿਕ ਅਤੇ ਸਭਿਆਚਾਰਕ ਪਹਿਲੂਆਂ 'ਤੇ ਵਿਚਾਰ ਕਰਨ।

ਸਾਲ 1992 ਵਿੱਚ ਯੂ ਐੱਨ ਜਨਰਲ ਅਸੈਂਬਲੀ 'ਚ ਇੱਕ ਮਤਾ ਪਾਸ ਕੀਤਾ ਗਿਆ ਅਤੇ ਫਿਰ ਸਾਲ 1999 ਵਿੱਚ 'ਇੰਟਰਨੈਸ਼ਨਲ ਯੀਅਰ ਆਫ ਦਿ ਓਲਡ ਪਰਸਨ' ਮਨਾਇਆ ਗਿਆ। ਯੂ ਐੱਨ ਜਨਰਲ ਅਸੈਂਬਲੀ ਨੇ ਇਹ ਵੀ ਫੈਸਲਾ ਕੀਤਾ ਕਿ ਹਰ ਸਾਲ ਪਹਿਲੀ ਅਕਤੂਬਰ ਨੂੰ 'ਇੰਟਰਨੈਸ਼ਨਲ ਡੇ ਆਫ ਐਲਡਰਲੀ', 'ਭਾਵ 'ਬਜ਼ੁਰਗ ਦਿਵਸ' ਮਨਾਇਆ ਜਾਵੇਗਾ। 16 ਦਸੰਬਰ 1991 ਨੂੰ ਯੂ ਐਨ ਅਸੈਂਬਲੀ ਨੇ ਬਜ਼ੁਰਗਾਂ ਦੀ ਰੱਖਿਆ ਲਈ 18 ਸਿਧਾਂਤ ਪਾਸ ਕੀਤੇ, ਜਿਨ੍ਹਾਂ ਨੂੰ ਪੰਜ ਗਰੁੱਪਾਂ ਵਿੱਚ ਵੰਡਿਆ ਗਿਆ।

ਭਾਰਤ ਵਿੱਚ ਪਹਿਲੀ ਵਾਰ ਯੂ ਪੀ ਏ ਸਰਕਾਰ ਨੇ ਬਜ਼ੁਰਗਾਂ ਦੀ ਰੱਖਿਆ ਲਈ 'ਮੇਂਟੀਨੈਂਸ ਐਂਡ ਵੈਲਫੇਅਰ ਆਫ ਪੇਰੈਂਟਸ ਐਂਡ ਸੀਨੀਅਰ ਸਿਟੀਜ਼ਨ ਐਕਟ 2007' ਬਣਾਇਆ ਅਤੇ ਰਾਜਾਂ ਨੇ ਆਪੋ ਆਪਣੇ ਢੰਗ ਨਾਲ ਇਸ ਐਕਟ ਨੂੰ ਲਾਗੂ ਕਰਨ ਲਈ ਯੋਜਨਾਵਾਂ ਬਣਾਈਆਂ ਹਨ। ਪੰਜਾਬ ਸਰਕਾਰ ਨੇ 2014 ਵਿੱਚ ਡਿਪਾਰਟਮੈਂਟ ਆਫ ਸੋਸ਼ਲ ਸਕਿਓਰਿਟੀ ਐਂਡ ਡਿਸਏਬਿਲਟੀ ਸੈੱਲ ਦੇ ਤਹਿਤ 17 ਨਵੰਬਰ 2014 ਨੂੰ ਇੱਕ ਨੋਟੀਫਿਕੇਸ਼ਨ ਜਾਰੀ ਕਰ ਕੇ ਬਜ਼ੁਰਗਾਂ ਲਈ ਕਾਨੂੰਨ ਬਣਾਇਆ ਤੇ ਬਜ਼ੁਰਗਾਂ, ਉਨ੍ਹਾਂ ਦੀਆਂ ਜਾਇਦਾਦਾਂ ਦੀ ਰੱਖਿਆ ਲਈ ਪੁਲਸ ਨੂੰ ਜ਼ਿੰਮੇਵਾਰੀ ਸੌਂਪੀ ਗਈ ਹੈ। ਇਸ ਕਾਨੂੰਨ ਨੂੰ ਬਹੁਤ ਸਰਲ ਬਣਾਇਆ ਗਿਆ ਤਾਂ ਕਿ ਬਜ਼ੁਰਗਾਂ ਦੇ ਕੇਸਾਂ ਦੇ ਫੈਸਲੇ ਛੇਤੀ ਹੋ ਸਕਣ। ਭਾਰਤ 'ਚ ਇਹੋ ਇੱਕ ਅਜਿਹਾ ਕਾਨੂੰਨ ਹੈ, ਜਿਸ ਵਿੱਚ ਸੁਣਵਾਈ ਦੌਰਾਨ ਵਕੀਲ ਸ਼ਾਮਲ ਨਹੀਂ ਹੋ ਸਕਦੇ, ਸਿਰਫ ਬਜ਼ੁਰਗ ਅਤੇ ਜੁਆ-ਬਦੇਹ ਧਿਰ ਜ਼ਿਲ੍ਹਾ ਕੁਲੈਕਟਰ ਸਾਹ-ਮਣੇ ਪੇਸ਼ ਹੋ ਕੇ ਆਪਣੇ ਪੱਖ ਰੱਖਦੀ ਹੈ। ਸਿਵਲ ਕੋਰਟ ਦਾ ਇਨ੍ਹਾਂ ਮਾਮਲਿਆਂ ਵਿੱਚ ਕੋਈ ਦਖਲ ਨਹੀਂ ਹੋ ਸਕਦਾ। ਇਨ੍ਹਾਂ ਕੇਸਾਂ ਦੀ ਅਪੀਲ ਸਿਰਫ ਹਾਈ ਕੋਰਟ ਤੱਕ ਹੀ ਜਾਂਦੀ ਹੈ।

ਪੰਜਾਬ-ਹਰਿਆਣਾ ਹਾਈ ਕੋਰਟ ਨੇ ਆਪਣੇ 'ਕੇਸ ਫਲੋਅ ਮੈਨੇਜਮੈਂਟ ਰੂਲਜ਼-2007' ਵਿੱਚ ਬਜ਼ੁਰਗਾਂ ਦੇ ਕੇਸਾਂ ਨੂੰ ਪਹਿਲ ਦਿੱਤੀ ਅਤੇ ਇਨ੍ਹਾਂ ਨੂੰ ਫਾਸਟ ਟਰੈਕ ਵਿੱਚ ਰੱਖਿਆ ਹੈ। ਇਹ ਵੀ ਤੈਅ ਕੀਤਾ ਹੈ ਕਿ ਜ਼ਿਲ੍ਹਾ ਕੁਲੈਕਟਰ ਇਨ੍ਹਾਂ ਮਾਮਲਿਆਂ ਦੀ 'ਸਮਰੀ ਪ੍ਰੋਸੀਡਿੰਗਜ਼' ਨੂੰ ਨੱਬੇ ਦਿਨਾਂ ਅੰਦਰ ਨਿਪਟਾਉਣਗੇ।

ਪੰਜਾਬ 'ਚ ਬਜ਼ੁਰਗਾਂ ਦੀ ਰੱਖਿਆ ਲਈ ਬਣਾਏ ਗਏ ਕਾਨੂੰਨ ਦੀ ਧਾਰਨਾ ਤੇ ਨਿਯਮਾਂ ਦੀ ਪਾਲਣਾ ਵਿੱਚ ਸੁਧਾਰ ਦੀ ਬਹੁਤ ਲੋੜ ਹੈ। ਇਸ ਸੰਦਰਭ ਵਿੱਚ ਸਾਨੂੰ ਇੱਕ ਗੱਲ ਦਾ ਖਾਸ ਖਿਆਲ ਰੱਖਣਾ ਪਵੇਗਾ ਕਿ ਜਦੋਂ ਭਾਰਤ ਦਾ ਸੰਵਿਧਾਨ ਪਾਸ ਕੀਤਾ ਜਾ ਰਿਹਾ ਸੀ, ਉਸ ਅਸੈਂਬਲੀ ਦੇ ਪ੍ਰਧਾਨ ਡਾਕਟਰ ਰਾਜਿੰਦਰ ਪ੍ਰਸਾਦ ਸਨ ਤੇ ਉਦੋਂ ਉਨ੍ਹਾਂ ਨੇ ਇੱਕ ਬਹੁਤ ਹੀ ਅਹਿਮ ਗੱਲ ਕਹੀ ਸੀ ਕਿ "ਅਸੀਂ ਦੇਸ਼ ਨੂੰ ਸੰਵਿਧਾਨ ਦੇ ਰਹੇ ਹਾਂ, ਪਰ ਇਸ 'ਚ ਇੱਕ ਬਹੁਤ ਵੱਡੀ ਕਮੀ ਰਹਿ ਗਈ ਹੈ। ਉਹ ਇਹ ਕਿ ਜਿਹੜੇ ਲੋਕਾਂ ਨੇ ਕਾਨੂੰਨ ਬਣਾਇਆ, ਉਨ੍ਹਾਂ ਲਈ ਯੋਗਤਾ ਤੈਅ ਕਰਨ ਦੀ ਕੋਈ ਵਿਵਸਥਾ ਨਹੀਂ ਹੈ। ਇਸ ਦੇ ਉਲਟ ਜਿਨ੍ਹਾਂ ਨੇ ਕਾਨੂੰਨ ਨੂੰ ਲਾਗੂ ਕਰਨਾ ਹੈ, ਉਨ੍ਹਾਂ ਲਈ ਸੰਵਿਧਾਨ ਵਿੱਚ ਉਚ ਯੋਗਤਾ ਤੈਅ ਕੀਤੀ ਗਈ ਹੈ।"

ਪੰਜਾਬ ਵਿੱਚ ਬਜ਼ੁਰਗਾਂ ਦੇ ਕੇਸਾਂ ਦੀ ਸੁਣਵਾਈ ਡਿਪਟੀ ਕਮਿਸ਼ਨਰ ਅਤੇ ਐਡੀਸ਼ਨਲ ਡਿਪਟੀ ਕਮਿਸ਼ਨਰ ਕਰਦੇ ਅਤੇ ਉਸ ਦਾ ਫੈਸਲਾ ਦਿੰਦੇ ਹਨ। ਇਹ ਵੀ ਸਭ ਨੂੰ ਪਤਾ ਹੈ ਕਿ ਇਨ੍ਹਾਂ ਅਧਿਕਾਰੀਆਂ 'ਤੇ ਆਪਣੀਆਂ ਹੋਰ ਜ਼ਿੰਮੇਵਾਰੀਆਂ ਦਾ ਕਾਫੀ ਦਬਾਅ ਹੁੰਦਾ ਹੈ, ਜਿਸ ਕਾਰਨ ਉਨ੍ਹਾਂ ਤੋਂ ਬਜ਼ੁਰਗਾਂ ਦੇ ਕੇਸਾਂ ਵੱਲ ਪੂਰਾ ਧਿਆਨ ਨਹੀਂ ਦੇ ਹੁੰਦਾ ਤੇ ਬਜ਼ੁਰਗਾਂ ਦੇ ਕੇਸ ਸਾਲਾਂ ਬੱਧੀ ਲਟਕਦੇ ਰਹਿੰਦੇ ਹਨ, ਜਦ ਕਿ ਕਾਨੂੰਨ 'ਚ ਵਿਵਸਥਾ ਹੈ ਕਿ ਇਹ ਕੇਸ ਨੱਬੇ ਦਿਨਾਂ, ਭਾਵ ਤਿੰਨ ਮਹੀਨੇ ਅੰਦਰ ਨਿਪਟਾਏ ਜਾਣੇ ਚਾਹੀਦੇ ਹਨ। ਪੰਜਾਬ ਸਰਕਾਰ ਨੂੰ ਅਪੀਲ ਹੈ ਕਿ ਉਹ ਇਸ ਪਾਸੇ ਧਿਆਨ ਦੇਵੇ ਤਾਂ ਕਿ ਬਜ਼ੁਰਗਾਂ ਦੇ ਕੇਸਾਂ ਦਾ ਨਿਪਟਾਰਾ ਸਹੀ ਢੰਗ ਨਾਲ ਹੋ ਸਕੇ। ਬਜ਼ੁਰਗਾਂ ਦੀਆਂ ਗੰਭੀਰ ਸਮੱਸਿਆਵਾਂ ਦੇ ਹਿੱਤ 'ਚ ਪੰਜਾਬ ਸਰਕਾਰ ਨੂੰ ਇਹ ਵੀ ਅਪੀਲ ਹੈ ਕਿ ਸੀਨੀਅਰ ਸਿਟੀਜ਼ਨ ਕਾਨੂੰਨ ਲਾਗੂ ਕਰਵਾਉਣ ਲਈ ਸੂਬੇ ਦੇ ਵੱਡੇ ਜ਼ਿਲ੍ਹਿਆਂ ਵਿੱਚ ਵੱਖਰੇ ਤੌਰ 'ਤੇ ਕਿਸੇ ਸੀਨੀਅਰ ਅਧਿਕਾਰੀ ਦੀ ਨਿਯੁਕਤੀ ਹੋਣੀ ਚਾਹੀਦੀ ਹੈ ਤਾਂ ਕਿ ਬਜ਼ੁਰਗਾਂ ਨੂੰ ਛੇਤੀ ਇਨਸਾਫ ਮਿਲ ਸਕੇ।

ਸਾਨੂੰ ਇਹ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਕਿ ਬੁਢਾਪੇ ਕਾਰਨ ਹੀ ਦੁਨੀਆ ਦੀ ਆਰਥਿਕ ਸਥਿਤੀ ਵਿੱਚ ਭਾਰੀ ਉਥਲ ਪੁਥਲ ਹੋ ਰਹੀ ਹੈ, ਜਿਸ ਵਿੱਚ ਕੁਝ ਲਾਭਦਾਇਕ ਵੀ ਹੋ ਸਕਦੀ ਹੈ ਤੇ ਕੁਝ ਨੁਕਸਾਨਦਾਇਕ ਵੀ, ਜਿਵੇਂ ਦੁਨੀਆ ਦੇ ਬਹੁਤ ਸਾਰੇ ਦੇਸ਼ਾਂ ਵਿੱਚ ਬਜ਼ੁਰਗਾਂ ਦੀ ਗਿਣਤੀ ਦਾ ਅਨੁਪਾਤ ਵੱਧ ਰਿਹਾ ਹੈ ਅਤੇ ਕਈ ਦੇਸ਼ਾਂ ਵਿੱਚ ਘੱਟ ਰਿਹਾ ਹੈ।

ਅਸੀਂ ਭਾਰਤ ਦੀ ਗੱਲ ਕਰੀਏ ਤਾਂ ਪਿੱਛੇ ਜਿਹੇ ਸਟੇਟ ਬੈਂਕ ਆਫ ਇੰਡੀਆ ਨੇ ਇੱਕ ਅਧਿਐਨ ਕਰਵ-ਾਇਆ ਸੀ, ਜਿਸ ਦੇ ਮੁਤਾਬਕ ਭਾਰਤ ਦੇ ਦੱਖਣ ਤੇ ਪੂਰਬੀ ਹਿੱਸੇ ਵਿੱਚ ਬਜ਼ੁਰਗਾਂ ਦਾ ਅਨੁਪਾਤ ਵਧ ਰਿਹਾ ਹੈ। ਸਿੱਟੇ ਵਜੋਂ ਭਵਿੱਖ ਵਿੱਚ ਉਤਰ ਤੇ ਪੱਛਮ ਦੇ ਹਿੱਸਿਆਂ ਤੋਂ ਨੌਜਵਾਨਾਂ ਨੂੰ ਦੱਖਣ ਤੇ ਪੂਰਬ ਦੇ ਸੂਬਿਆਂ ਵਿੱਚ ਕੰਮ ਕਰਨ ਲਈ ਜਾਣਾ ਪਵੇਗਾ।

# ਮਹਾਨਤਾ ਵਿੱਚ ਇਜ਼ਾਫਾ

-ਕੁਲਮਿੰਦਰ ਕੌਰ

ਕਹਿਰਾਂ ਦੀ ਠੰਢ ਨੇ ਕਮਰਿਆਂ ਵਿੱਚ ਬੰਦ ਕਰ ਛੱਡਿਆ ਸੀ। ਇਕ ਰੋਜ਼ ਸਵੇਰ ਦਾ ਕੰਮ ਨਿਬੇੜ ਕੇ ਡਰਾਇੰਗ ਰੂਮ ਦੀ ਖਿੜਕੀ ਦੇ ਸਾਹਮਣੇ ਰਜਾਈ ਵਿੱਚ ਬੈਠੀ ਚਾਹ ਦਾ ਲੁਤਫ ਉਠਾ ਰਹੀ ਸੀ। ਕੰਮ ਵਾਲੀ ਕੁੜੀ ਖੁੱਲ੍ਹੇ ਗੇਟ ਵਿੱਚੋਂ ਅੰਦਰ ਵੜੀ ਤਾਂ ਆਪ ਮੁਹਾਰੇ ਮੂੰਹੋਂ ਨਿਕਲਦਾ ਹੈ, 'ਆਈਏ, ਸੁਨੀਤਾ ਦਿ ਗਰੇਟ।' ਉਹ ਅਵਾਕ ਖੜੀ ਮੈਥੋਂ ਪੁੱਛਦੀ ਹੈ, 'ਕਿਆ ਹੈ ਆਂਟੀ, ਕਿਆ ਬੋਲ ਰਹੇ ਹੋ ਆਪ!' ਮੈਂ ਉਹਨੂੰ ਦੱਸਦੀ ਹਾਂ, 'ਮੇਰਾ ਮਤਲਬ, ਤੂੰ ਮਹਾਨ ਹੈਂ। ਇੰਨੀ ਠੰਢ ਵਿੱਚ ਤੈਨੂੰ ਰੋਜ਼ ਠੰਡੇ ਪਾਣੀ ਨਾਲ ਘਰਾਂ ਵਿੱਚ ਪੋਚੇ ਲਾਉਣ ਅਤੇ ਭਾਂਡੇ ਮਾਂਜਣ ਵਰਗੇ ਔਖੇ ਕੰਮ ਕਰਨੇ ਪੈਂਦੇ ਆ।' 'ਓਹ ਅੱਛਾ ਆਂਟੀ। ਐਸੇ ਈ ਚਲਤੀ ਹੈ ਜ਼ਿੰਦਗੀ। ਅਗਰ ਕਾਮ ਨਹੀਂ ਕਰੂੰਗੀ ਤੋਂ ਕੈਸੇ ਚਲੇਗਾ, ਬੱਚੋਂ ਕੋ ਭੀ ਤੋਂ ਖਿਲਾਨਾ ਹੈ।'

ਸੁਨੀਤਾ ਬੜੇ ਆਰਾਮ ਨਾਲ ਘਰ ਦੀ ਸਫਾਈ ਕਰਕੇ ਜਾਣ ਲੱਗੀ ਤਾਂ ਮੈਂ ਚਾਹ ਬਾਰੇ ਪੁੱਛਿਆ, ਪਰ ਉਹਨੇ ਜਵਾਬ ਵਿੱਚ ਕਿਹਾ, 'ਨਹੀਂ ਆਂਟੀ, ਮੈਨੇ ਭੋ ਅਭੀ ਕਈ ਘਰੋਂ ਮੇਂ ਜਾਨਾ ਹੈ, ਲੇਟ ਹੋ ਜਾਊਂਗੀ।' ਫਿਰ ਉਹ ਦੂਸਰੇ ਘਰ ਜਾ ਵੜੀ। ਮੈਂ ਅਖਬਾਰ ਫੋਲਣ ਲੱਗੀ ਤਾਂ ਬਾਹਰੋਂ ਕੂੜੇ ਵਾਲੇ ਦੀਆਂ ਆਵਾਜ਼ਾਂ ਸੁਣਾਈ ਦਿੱਤੀਆਂ। ਸਾਹਮਣੇ ਗਲੀ ਵਿੱਚ ਰੇੜ੍ਹੀ ਉਤੇ ਕੂੜਾ ਇਕੱਠਾ ਕਰਨ ਵਾਲਾ ਆ ਰਿਹਾ ਸੀ। 10-12 ਸਾਲਾਂ ਦਾ ਲੜਕਾ ਸਹਾਇਕ ਵਜੋਂ ਉਹਦੇ ਨਾਲ ਸੀ। ਉਹ ਘਰਾਂ ਤੋਂ ਡਸਟ ਬਿਨ ਅਤੇ ਲਿਫਾਫੇ ਲਿਆ ਕੇ ਪਲਟਦਾ ਤੇ ਦੂਜਾ ਜਣਾ ਲਿਫਾਫੇ ਖੋਲ੍ਹ, ਕੂੜਾ ਕੱਢ ਕੇ, ਸਮਤਲ ਕਰਕੇ ਤਹਿ ਬਣਾ ਲੈਂਦਾ। ਦਿਲ ਬੜਾ ਪਸੀਜਦਾ ਹੈ। ਕਿਵੇਂ ਸਾਡੀ ਹੀ ਜਾਤੀ ਦੇ ਬੰਦੇ ਅਜਿਹੇ ਮੌਸਮ ਵਿੱਚ ਜੋ ਕੰਮ ਕਰ ਰਹੇ ਹਨ, ਸਾਨੂੰ ਤਾਂ ਵੇਖ ਕੇ ਵੀ ਕੁਰਹਿਤ ਹੋ ਰਹੀ ਹੈ।

ਸ਼ਾਮ ਨੂੰ ਥੋੜ੍ਹਾ ਸੂਰਜ ਚਮਕਿਆ ਤਾਂ ਮਨ ਬਣਾਇਆ ਕਿ ਗੁਰਦੁਆਰੇ ਮੱਥਾ ਟੇਕ ਆਉਂਦੀ ਹਾਂ, ਨਾਲੇ ਥੋੜ੍ਹੀ ਸੈਰ ਹੋ ਜਾਵੇਗੀ। ਉਂਝ ਵੀ ਠੰਢ ਵਿੱਚ ਉਥੇ ਜਾ ਕੇ ਚਾਹ ਦਾ ਲੰਗਰ ਛਕਣਾ ਬੜਾ ਲੁਭਾਉਂਦਾ ਹੈ। ਸੜਕ ਕਿਨਾਰੇ ਪੈਦਲ ਚੱਲਦਿਆਂ ਵੇਖਿਆ ਕਿ ਗੁਰਦੁਆਰੇ ਦੇ ਨੇੜੇ ਕੁਝ ਮਜ਼ਦੂਰ ਔਰਤਾਂ ਸਿਰਾਂ ਉਤੇ ਖਾਲੀ ਟੋਕਰੀਆਂ ਤੇ ਕਹੀਆਂ ਵਗੈਰਾ ਟਿਕਾਈ, ਕੰਮ ਤੋਂ ਵਿਹਲੀਆਂ ਹੋ ਕੇ ਆਪਣੇ ਟਿਕਾਣਿਆਂ ਵੱਲ ਆਪਣੀ ਬੋਲੀ ਵਿੱਚ ਗੱਲਾਂ ਕਰਦੀਆਂ ਪਰਤ ਰਹੀਆਂ ਸਨ। ਪਿੱਛੇ ਉਨ੍ਹਾਂ ਦੇ ਨਿਆਣਿਆਂ ਦੀ ਫੌਜ, ਜਿਨ੍ਹਾਂ ਨੇ ਕਿਸੇ ਦੇ ਦਿੱਤੇ ਹੋਏ ਬੇਢੱਬੇ ਕੋਟ ਸਵੈਟਰ ਤੇ ਖੁੱਲ੍ਹੇ ਖਲਚ-ਖਲਚ ਕਰਦੇ ਬੂਟ ਪਾਏ ਹੋਏ, ਮੂੰਹ ਲਿਬੜੇ, ਵਾਲ ਬਿਖਰੇ ਤੇ ਹੱਥ ਵਿੱਚ ਫੜੀਆਂ ਚੀਜ਼ਾਂ ਖਾ ਰਹੇ ਸਨ। ਮਨ ਵਲ੍ਹੇਟੇ ਖਾਂਦਾ ਹੈ ਕਿ ਜਿਹੜੇ ਰੱਬ ਨੂੰ ਮੱਥਾ ਟੇਕਣ ਜਾ ਰਹੀ ਹਾਂ, ਕੀ ਇਨ੍ਹਾਂ ਦਾ ਨਹੀਂ ਹੈ? ਇਹ ਅਕਸਰ ਇਥੋਂ ਲੰਘਦੇ ਹੋਣਗੇ, ਫਿਰ ਅਣਦੇਖੇ ਕਿਉਂ ਰਹਿ ਜਾਂਦੇ ਹਨ।

ਗੁਰਦੁਆਰੇ ਦੇ ਗੇਟ ਉਤੇ ਪਹੁੰਚ ਕੇ ਮੈਂ ਸ਼ਰਧਾ ਨਾਲ ਸੀਸ ਝੁਕਾ ਕੇ ਖੱਬੇ ਸੱਜੇ ਨਿਗ੍ਹਾ ਮਾਰਦੀ ਹਾਂ। ਇਕ ਪਾਸਿਓਂ ਕਾਰਾਂ ਪਾਰਕ ਕਰਕੇ ਆਪਣੇ ਗਰਮ ਕੋਟ ਸੰਵਾਰਦੇ ਸ਼ਰਧਾਲੂ ਮੁੱਖ ਹਾਲ ਵੱਲ ਜਾ ਰਹੇ ਸਨ। ਮੈਂ ਉਨ੍ਹਾਂ ਨਾਲ ਰਲ ਜਾਂਦੀ ਹਾਂ। ਮੱਥਾ ਟੇਕ ਕੇ ਪ੍ਰਸ਼ਾਦ ਲਿਆ ਤੇ ਫਿਰ ਚਾਹ ਦੇ ਲੰਗਰ ਦਾ ਆਨੰਦ ਵੀ ਮਾਣਿਆ। ਘਰ ਵਾਪਸੀ ਤੇ ਗੁਰਦੁ-ਆਰੇ ਦੇ ਗੇਟ ਦੇ ਬਾਹਰ ਸਾਹਮਣੇ ਬਣੇ ਲੋਕਲ ਬੱਸ ਸਟੈਂਡ ਦੇ ਸ਼ੈਡ ਹੇਠਾਂ ਕਈ ਲੋਕ ਆਪਣੇ ਰੈਣ ਬਸੇਰੇ ਲਈ ਜਗ੍ਹਾ ਮੱਲ ਰਹੇ ਸਨ। ਅਸੀਂ ਇੰਨੀ ਠੰਢ ਵਿੱਚ ਰਾਤ ਨੂੰ ਰਜਾਈ ਵਿੱਚੋਂ ਹੱਥ ਬਾਹਰ ਕੱਢਣ ਤੋਂ ਡਰਦੇ ਹਾਂ। ਬੰਦ ਘਰਾਂ ਵਿੱਚ ਚੱਲਣਾ ਵੀ ਔਖਾ ਲੱਗਦਾ ਹੈ ਅਤੇ ਹੀਟਰ ਤੇ ਬਲੋਅਰ ਲੱਭਦੇ ਹਾਂ।

ਸੋਚਾਂ ਦੇ ਵਹਿਣ ਵਿੱਚ ਹਾਂ ਕਿ ਇਨਸਾਨਾਂ ਦਾ ਖੁਦਾ ਤਾਂ ਇਕੋ ਹੈ, ਫਿਰ ਇਹ ਸਮਾਜਿਕ ਅਸਮਾਨਤਾ ਕਿਉਂ? ਅਸੀਂ ਕਹਿੰਦੇ ਹਾਂ, ਦੇਸ਼ ਤਰੱਕੀ ਦੇ ਰਾਹ ਉਤੇ ਹੈ ਤਾਂ ਇਸ ਵਿੱਚ ਇਨ੍ਹਾਂ ਦਾ ਵੀ ਯੋਗਦਾਨ ਹੈ। ਵੱਡੇ-ਵੱਡੇ ਕਾਰਖਾਨੇ, ਸਕੂਲ, ਕਾਲਜ, ਹਸਪਤਾਲ, ਸੜਕਾਂ, ਪੁਲ ਤੇ ਗੁਰਦੁਆਰਿਆਂ ਦੇ ਨਕਸ਼ੇ ਬਣ ਜਾਣਗੇ, ਪਰ ਇਨ੍ਹਾਂ ਨੂੰ ਇੱਟਾਂ ਰਾਹੀਂ ਬਣਤਰ ਦੇਣਾ, ਸੰਵਾਰਨਾ, ਘੜਨਾ, ਤਰਾਸ਼ਣਾ ਆਦਿ ਮਜ਼ਦੂਰਾਂ ਦੀ ਕਲਾ ਤੇ ਹੁਨਰ ਦਾ ਕਮਾਲ ਹੈ। ਇਹ ਲੋਕ ਸਾਰਾ ਦਿਨ ਇਸ ਆਸ ਨਾਲ ਕੰਮ ਕਰਦੇ ਹਨ ਕਿ ਰਾਤ ਨੂੰ ਰੋਟੀ ਰੱਜ ਕੇ ਖਾਵਾਂਗੇ, ਪਰ ਉਹ ਠੇਕੇਦਾਰ 'ਤੇ ਨਿਰਭਰ ਹੈ ਕਿ ਪੈਸੇ ਕਦੋਂ ਦੇਵੇਗਾ।

ਲੇਬਰ ਐਕਟ ਅਨੁਸਾਰ ਹਰ ਕਿਰਤੀ ਦਾ ਕੰਮ ਤੇ ਸਮਾਂ ਨਿਸ਼ਚਤ ਹੈ। ਵੱਧ ਕੰਮ ਬਦਲੇ ਵੱਧ ਉਜਰਤ ਦਿੱਤੀ ਜਾਂਦੀ ਹੈ, ਪਰ ਢਾਬਿਆਂ, ਦੁਕਾਨਾਂ ਤੇ ਘਰਾਂ ਵਿੱਚ ਕੰਮ ਕਰਨ ਵਾਲੇ ਲੱਖਾਂ ਮਜ਼ਦੂਰਾਂ ਦਾ ਕੋਈ ਸਮਾਂ ਤੈਅ ਨਹੀਂ ਹੁੰਦਾ। ਜਦ ਸਾਰਾ ਦੇਸ਼ ਦੀਵਾਲੀ, ਹੋਲੀ, ਦੁਸਹਿਰਾ ਆਦਿ ਤਿਉਹਾਰ ਮਨਾ ਰਿਹਾ ਹੁੰਦਾ ਹੈ, ਇਹ ਵਰਗ ਅੰਦਰੋਂ-ਅੰਦਰੀ ਮਾਨਸਿਕ ਸੰਤਾਪ ਭੁਗਤਦਾ ਹੈ। ਲੰਮੀ ਬਿਮਾਰੀ, ਹਾਦਸੇ ਤੇ ਹੋਰ ਜ਼ਰੂਰੀ ਕਾਰਜਾਂ ਲਈ ਛੁੱਟੀ ਦਾ ਮਤਲਬ ਕਟੌਤੀ ਹੁੰਦਾ ਹੈ। ਇਨ੍ਹਾਂ ਤੋਂ ਕੰਮ ਲੈਣ ਵਾਲੇ ਲੋਕਾਂ ਨੂੰ ਸਰਕਾਰੀ ਕਾਨੂੰਨਾਂ ਦੀ ਪਰਵਾਹ ਨਹੀਂ ਤੇ ਨਾ ਕਿਰਤ ਵਿਭਾਗ ਕੋਈ ਗੌਰ ਕਰਦਾ ਹੈ।

ਸਮੇਂ ਦੀਆਂ ਸਰਕਾਰਾਂ ਆਪਣੇ ਵੱਡੇ ਤੇ ਮਹਿੰਗੇ ਪ੍ਰਾਜੈਕਟ, ਚੰਗੇ ਭਲੇ ਚਲਦੇ ਅਦਾਰੇ, ਇਮਾਰਤਾਂ ਅਤੇ ਸ਼ਰਧਾ ਦੇ ਧਾਮਾਂ ਦਾ ਵਿਸਥਾਰ ਕਰਨ ਦੇ ਏਜੰਡਿਆਂ ਵਿੱਚ ਇਸ ਵਰਗ ਨੂੰ ਮੁੱਢਲੀਆਂ ਲੋੜਾਂ ਰੋਟੀ, ਕੱਪੜਾ, ਮਕਾਨ ਹਾਸਲ ਕਰਾਉਣਾ ਵੀ ਇਖਲਾਕੀ ਫਰਜ਼ ਸਮਝਣ। ਹਰ ਸਾਲ 26 ਜਨਵਰੀ ਨੂੰ ਗਣਤੰਤਰ ਦਿਵਸ ਅਤੇ 15 ਅਗਸਤ ਨੂੰ ਆਜ਼ਾਦੀ ਦਿਵਸ ਦੀ ਵਰ੍ਹੇਗੰਢ ਮੌਕੇ ਜਸ਼ਨ ਮਨਾਏ ਜਾਂਦੇ ਹਨ। ਉਸ ਸਮੇਂ ਬੁਲੰਦ ਆਵਾਜ਼ ਵਿੱਚ 'ਭਾਰਤ ਦੇਸ਼ ਮਹਾਨ ਹੈ' ਦੇ ਨਾਅਰਿਆਂ ਦੀ ਗੂੰਜ ਵਿੱਚ ਵੀ ਇਹ ਮਿਹਨਤਕਸ਼ ਆਪਣੀ ਕਿਰਤ ਕਰਨ ਵਿੱਚ ਰੁੱਝਾ ਹੋਇਆ ਇਸ ਦੀ ਮਹਾਨਤਾ ਵਿੱਚ ਹੋਰ ਇਜ਼ਾਫਾ ਕਰ ਰਿਹਾ ਹੁੰਦਾ ਹੈ।

# ਚੋਣ ਡਿਊਟੀ ਬਨਾਮ ਹਵਾਲਾਤ ਯਾਤਰਾ

-ਕ੍ਰਿਸ਼ਨ ਪ੍ਰਤਾਪ-

ਹਰ ਮੁਲਾਜ਼ਮ ਨੂੰ ਆਪਣੀ ਡਿਊਟੀ ਕਰਨ ਦੇ ਨਾਲ ਚੋਣ ਡਿਊਟੀ ਵੀ ਦੇਣੀ ਪੈਂਦੀ ਹੈ। ਅੱਜ ਤੱਕ ਮੈਂ ਵੀਹ ਕੁ ਚੋਣ ਡਿਊਟੀਆਂ ਨਿਭਾ ਚੁੱਕਾ ਹਾਂ। ਹਰ ਵਾਰ ਕੋਈ ਨਾ ਕੋਈ ਨਵਾਂ ਤਜਰਬਾ ਹੋਇਆ ਹੈ। ਪਿੱਛੇ ਜਿਹੇ ਹੋਈਆਂ ਪੰਚਾਇਤੀ ਚੋਣਾਂ ਦਾ ਤਜਰਬਾ ਸਭ ਤੋਂ ਅਹਿਮ ਹੋ ਨਿੱਬੜਿਆ ਹੈ। ਤੌੜੀ ਵਿੱਚੋਂ ਦਾਲ ਦਾ ਸਵਾਦ ਚਮਚੇ ਨਾਲ ਹੀ ਵੇਖ ਕੇ ਲਿਆ ਜਾਂਦਾ ਹੈ। ਇਸੇ ਤਰ੍ਹਾਂ ਮੈਂ ਪਹਿਲੀ ਰਿਹਰਸਲ ਵਾਲੇ ਦਿਨ ਹੀ ਹੋਣ ਵਾਲੇ ਅੰਜਾਮ ਦਾ ਅੰਦਾਜ਼ਾ ਲਾ ਲਿਆ। ਪ੍ਰਸ਼ਾਸਨ ਵੱਲੋਂ ਮੁਲਾਜ਼ਮਾਂ ਦੀਆਂ ਰਿਹਰਸਲਾਂ ਕਰਾ ਕੇ ਹਦਾਇਤਾਂ ਦਿੱਤੀਆਂ ਜਾਂਦੀਆਂ ਹਨ। ਪਹਿਲੀ ਕੀ, ਦੂਜੀ ਰਿਹਰਸਲ ਵੇਲੇ ਵੀ 'ਚੱਲਵਾਂ' ਪ੍ਰਬੰਧ ਵੇਖ ਕੇ ਇਨ੍ਹਾਂ ਚੋਣਾਂ ਵਿੱਚ ਹੋਣ ਵਾਲੀ ਖੱਜਲ ਖੁਆਰੀ ਬਾਰੇ ਮੈਂ ਆਪਣੇ ਵਿਚਾਰ ਸਾਥੀਆਂ ਨਾਲ ਸਾਂਝੇ ਕਰ ਲਏ। ਵੋਟਾਂ ਲਈ ਮੁਲਾਜ਼ਮਾਂ ਨੂੰ ਸਾਮਾਨ ਸੌਂਪਣ ਅਤੇ ਪਾਰਟੀਆਂ ਤੋਰਨ ਦਾ ਦਿਨ ਆ ਗਿਆ ਸੀ। ਸਟੇਜ ਤੋਂ ਸੂਚਨਾ ਦਿੱਤੀ ਗਈ ਕਿ ਸਾਰੀਆਂ ਪਾਰਟੀਆਂ ਭੰਗ ਕਰਕੇ ਮੌਕੇ ਉੱਤੇ ਨਵੇਂ ਸਿਰਿਓਂ ਪਾਰਟੀਆਂ ਬਣਾਈਆਂ ਜਾਣਗੀਆਂ।


ਜਦ ਪਹਿਲੀ ਪਾਰਟੀ ਤਿਆਰ ਕਰਨ ਵਿੱਚ ਪੰਦਰਾਂ ਮਿੰਟ ਲੱਗ ਗਏ ਤਾਂ ਮੈਂ ਨਾਲ ਦੇ ਸਾਥੀਆਂ ਨੂੰ ਦੱਸ ਦਿੱਤਾ ਕਿ ਸ਼ਾਮ ਦੇ ਅੱਠ ਵਜੇ ਤੱਕ ਵੀ ਆਪਾਂ ਨੂੰ ਸਾਮਾਨ ਨਹੀਂ ਮਿਲਣਾ। ਕੁਦਰਤੀ ਉਹੀ ਗੱਲ ਹੋਈ। ਸ਼ਾਮ ਸੱਤ ਵਜੇ ਤੱਕ ਸਾਮਾਨ ਵੰਡਣਾ ਤਾਂ ਦੂਰ, ਪਾਰਟੀਆਂ ਵੀ ਪੂਰੀਆਂ ਨਾ ਹੋਈਆਂ। ਹਨੇਰਾ ਹੋ ਚੁੱਕਾ ਸੀ, ਪਰ ਸਟੇਜ 'ਤੇ ਰੌਸ਼ਨੀ ਦਾ ਪ੍ਰਬੰਧ ਵੀ ਨਹੀਂ ਸੀ। ਡਿਊਟੀਆਂ ਮੋਬਾਈਲ ਦੀਆਂ ਟਾਰਚਾਂ ਜਗਾ ਕੇ ਲਾਉਣੀਆਂ ਸ਼ੁਰੂ ਕੀਤੀਆਂ ਗਈਆਂ। ਸਭ ਮੁਲਾਜ਼ਮਾਂ ਨੂੰ ਪਤਾ ਸੀ ਕਿ ਬੂਥ ਸਹੀ ਢੰਗ ਨਾਲ ਚਲਾਉਣ ਲਈ ਘੱਟੋ-ਘੱਟ ਸੱਤ ਅੱਠ ਘੰਟੇ ਦੀ ਅਗੇਤੀ ਤਿਆਰੀ ਦੀ ਲੋੜ ਹੁੰਦੀ ਹੈ। ਉਨ੍ਹਾਂ ਦਾ ਉਹ ਕੀਮਤੀ ਸਮਾਂ ਖਰਾਬ ਕਰ ਦਿੱਤਾ ਗਿਆ ਸੀ।

ਇਸ ਲਈ ਵੱਡਾ ਮੁਲਾਜ਼ਮ ਤਬਕਾ ਸਾਮਾਨ ਚੁੱਕਣ ਤੋਂ ਘਬਰਾ ਰਿਹਾ ਸੀ। ਜੇ ਕੋਈ ਹੋਰ ਚੋਣਾਂ ਹੁੰਦੀਆਂ ਤਾਂ ਕਿਸੇ ਨੂੰ ਕੋਈ ਖਾਸ ਸਮੱਸਿਆ ਨਹੀਂ ਆਉਣੀ ਸੀ, ਪਰ ਇਹ ਪੰਚਾਇਤੀ ਚੋਣਾਂ ਸਨ, ਜਿਨ੍ਹਾਂ ਨੂੰ ਸਭ ਤੋਂ ਔਖੀਆਂ ਤੇ ਖਤਰਨਾਕ ਮੰਨਿਆ ਜਾਂਦਾ ਹੈ। ਫੋਕੀਆਂ ਪੰਚੀਆਂ ਸਰਪੰਚੀਆਂ ਦੇ ਚੱਕਰ ਵਿੱਚ ਉਲਝੇ ਹੋਏ ਲੋਕਾਂ ਨੂੰ ਇਹ ਪਤਾ ਨਹੀਂ ਹੁੰਦਾ ਕਿ ਚੋਣ ਕਰਵਾਉਣ ਆਇਆ ਅਮਲਾ ਕਿੰਨੀਆਂ ਮੁਸ਼ਕਲਾਂ ਹੰਢਾ ਕੇ ਆਇਆ ਹੈ? ਉਨ੍ਹਾਂ ਨੂੰ ਸਿਰਫ ਆਪਣੀ ਚੌਧਰ ਦਿਸਦੀ ਹੁੰਦੀ ਹੈ ਤੇ ਇਸ ਨੂੰ ਕਾਇਮ ਰੱਖਣ ਲਈ ਉਹ ਕਿਸੇ ਵੀ ਹੱਦ ਤੱਕ ਜਾ ਸਕਦੇ ਹਨ। ਸਾਰਾ ਕੁਝ ਅਸਤ ਵਿਅਸਤ ਹੋ ਗਿਆ ਸੀ। ਘਬਰਾਇਆ ਹੋਇਆ ਐਸ ਡੀ ਐਮ ਖੁਦ ਭਾਰੀ ਪੁਲਸ ਫੋਰਸ ਲੈ ਕੇ ਆ ਗਿਆ। ਉਸ ਨੇ ਆਪਣੀਆਂ ਗਲਤੀਆਂ ਛੁਪਾਉਣ ਲਈ ਆਉਂਦੇ ਸਾਰ ਮੁਲਾਜ਼ਮਾਂ ਨੂੰ ਪੁਲਸ ਵਾਲਿਆਂ ਤੋਂ ਬੇਇੱਜ਼ਤ ਕਰਵਾਉਣਾ ਸ਼ੁਰੂ ਕਰ ਦਿੱਤਾ। ਪੂਰੀ ਧੱਕੇਸ਼ਾਹੀ ਕਰਕੇ ਟੀਮਾਂ ਰਾਤ ਡੇਢ ਵਜੇ ਤੱਕ ਤੋਰਿਆ ਜਾਂਦਾ ਰਿਹਾ। ਮੈਨੂੰ ਆਪਣੀ ਪਤਨੀ ਸਮੇਤ ਬਾਕੀ ਮੁਲਾਜ਼ਮਾਂ ਨਾਲ ਇਕ ਪਿੰਡ ਵਿੱਚ ਵੋਟਾਂ ਪੁਆਉਣ ਭੇਜ ਦਿੱਤਾ ਗਿਆ। ਸਿਰਫ ਘੰਟਾ ਕੁ ਸੌਂ ਕੇ ਸਵੇਰੇ ਤਿੰਨ ਵਜੇ ਅਸੀਂ ਬੂਥ ਦੀ ਲੋੜੀਂਦੀ ਤਿਆਰੀ ਕੀਤੀ। ਬੇਹੱਦ ਠੰਢ ਅਤੇ ਔਖੇ ਹਾਲਾਤ ਦੇ ਬਾਵਜੂਦ ਅਸੀਂ ਅੱਠ ਵੱਜਦੇ ਨੂੰ ਵੋਟਾਂ ਪੁਆਉਣੀਆਂ ਸ਼ੁਰੂ ਕਰ ਦਿੱਤੀਆਂ ਸਨ। ਕੰਮ ਦਾ ਭਾਰੀ ਬੋਝ ਹੋਣ ਕਾਰਨ ਸਾਡਾ ਸਟਾਫ ਸ਼ਾਮ ਦੇ ਸਾਢੇ ਸੱਤ ਵਜੇ ਤੱਕ ਰੋਟੀ ਦੀ ਬੁਰਕੀ ਤੱਕ ਨਾ ਖਾ ਸਕਿਆ।

ਪ੍ਰਸ਼ਾਸ਼ਨ ਦੀ ਪ੍ਰਬੰਧਕੀ ਅਕੁਸ਼ਲਤਾ ਕਾਰਨ ਭਾਰੀ ਮਾਨਸਿਕ ਦਬਾਅ ਸਭ ਦੇ ਚਿਹਰਿਆਂ ਉੱਤੇ ਸਾਫ ਵਿਖਾਈ ਦੇ ਰਿਹਾ ਸੀ। ਰਾਤ ਦੇ ਦੋ ਕੁ ਵਜੇ ਤੱਕ ਅਸੀਂ ਵੋਟਾਂ ਦੀ ਗਿਣਤੀ ਕਰਕੇ ਨਤੀਜੇ ਐਲਾਨ ਜਰ ਦਿੱਤੇ। ਫਿਰ ਸਾਮਾਨ ਜਮ੍ਹਾਂ ਕਰਵਾਉਣ ਦੀ ਵਾਰੀ ਆਈ। ਮੌਕੇ 'ਤੇ ਨਵੀਆਂ ਹਦਾਇਤਾਂ ਜਾਰੀ ਕਰ ਦੇਣ ਕਾਰਨ ਸਭ ਨੂੰ ਪਰੇਸ਼ਾਨ ਆਉਣੀ ਸੀ। ਕਤਾਰ ਵਿੱਚ ਖੜੇ ਨੇ ਮੈਂ ਉਥੇ ਹੋ ਰਹੀ ਤੇ ਬੀਤੇ ਦਿਨ ਹੋਈ ਧੱਕੇਸ਼ਾਹੀ ਵਿਰੁੱਧ ਆਵਾਜ਼ ਉਠਾਈ। ਸੱਚ ਸੁਣ ਕੇ ਕਈ ਜਣੇ ਭੜਕ ਪਏ। ਉਥੋਂ ਦੇ ਮੁਲਾਜ਼ਮ ਕੀ, ਪੁਲਸ ਵਾਲੇ ਵੀ ਮੈਨੂੰ ਝਈਆਂ ਲੈ-ਲੈ ਪੈਣ ਲੱਗੇ। ਮੈਂ ਆਪਣੀ ਗੱਲ 'ਤੇ ਅੜਿਆ ਰਿਹਾ ਤਾਂ ਉਹ ਆਖਣ ਲੱਗੇ ਕਿ ਜਾ ਕੇ 'ਸਾਬ੍ਹ' ਨਾਲ ਗੱਲ ਕਰ। ਜਦੋਂ ਮੈਂ ਸਾਬ੍ਹ ਕੋਲ ਜਾ ਕੇ ਸੱਚਾਈ ਦੱਸੀ ਤਾਂ ਉਹ ਅੱਗ ਬਗੂਲਾ ਹੋ ਗਿਆ ਤੇ ਮੈਨੂੰ 'ਬਕਵਾਸ' ਬੰਦ ਕਰਨ ਲਈ ਆਖਣ ਲੱਗ ਪਿਆ। ਜਦ ਉਸ ਨੂੰ ਮੇਰੀ ਕਿਸੇ ਗੱਲ ਦਾ ਜਵਾਬ ਨਾ ਆਇਆ ਤਾਂ ਉਸ ਨੇ ਪੁਲਸ ਵਾਲਿਆਂ ਨੂੰ ਹੁਕਮ ਦਿੱਤਾ ਕਿ ਇਸ ਨੂੰ ਹਵਾਲਾਤ ਵਿੱਚ ਸੁੱਟ ਕੇ ਪਟੇ ਮਾਰੇ ਜਾਣ। ਮੈਂ ਇਸ ਤੋਂ ਨਹੀਂ ਡਰਿਆ ਤਾਂ ਮੈਨੂੰ ਹਵਾਲਾਤ ਬੰਦ ਕਰ ਦਿੱਤਾ ਗਿਆ। ਹਵਾਲਾਤ ਦੇ ਕੰਬਲ ਮੈਨੂੰ ਬੀਤੀ ਰਾਤ ਨਾਲੋਂ ਜ਼ਿਆਦਾ ਨਿੱਘ ਦੇ ਰਹੇ ਸਨ। ਅੱਧੇ ਕੁ ਘੰਟੇ ਬਾਅਦ ਜਦ ਉਨ੍ਹਾਂ ਨੂੰ ਲੱਗਾ ਕਿ ਮੈਂ ਨਾ ਹਵਾਲਾਤ 'ਚੋਂ ਭੱਜਣ ਦਾ ਯਤਨ ਕਰ ਰਿਹਾ ਹਾਂ ਤੇ ਨਾ ਖੁਦ ਨੂੰ ਛੱਡ ਦੇਣ ਦੀਆਂ ਮਿੰਨਤਾਂ ਕਰ ਰਿਹਾ ਹਾਂ ਤਾਂ ਉਨ੍ਹਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਕੁਝ ਸਮੇਂ ਬਾਅਦ ਐਸ ਡੀ ਐਮ ਦਾ ਉਹੀ ਗੰਨਮੈਨ ਆਇਆ, ਜੋ ਮੈਨੂੰ ਹਵਾਲਾਤ ਵਿੱਚ ਡੱਕ ਕੇ ਗਿਆ ਸੀ। ਉਹ ਮੈਨੂੰ ਬਾਹਰ ਆ ਜਾਣ ਲਈ ਮਿੰਨਤਾਂ ਕਰ ਰਿਹਾ ਸੀ, ਪਰ ਮੈਨੂੰ ਹਵਾਲਾਤ ਵਿੱਚ ਰਹਿਣਾ ਜ਼ਿਆਦਾ ਚੰਗਾ ਅਤੇ ਸੁਖਮਈ ਲੱਗ ਰਿਹਾ ਸੀ। ਇੰਨੇ ਨੂੰ ਮੇਰੇ ਪੁਰਾਣੇ ਸਕੂਲ ਦੇ ਸਾਥੀ ਆ ਗਏ ਤੇ ਮੈਨੂੰ ਉਥੋਂ ਜਾਣ ਲਈ ਆਖਣ ਲੱਗ ਪਏ।

ਮੈਨੂੰ ਪਤਾ ਸੀ ਕਿ ਗੂੜ੍ਹੀ ਧੁੰਦ ਅਤੇ ਰਾਤ ਦੇ ਤਿੰਨ ਵਜੇ ਤੱਕ ਮੇਰੀ ਪਤਨੀ ਇਕੱਲੀ ਸੀ। ਇਸ ਲਈ ਹਵਾਲਾਤ 'ਚੋਂ ਬਾਹਰ ਆਉਣਾ ਮੇਰੀ ਮਜਬੂਰੀ ਬਣ ਗਈ। ਸੱਚ ਲਈ ਲੜਨ ਦਾ ਆਨੰਦ ਕਿੰਨਾ ਸੁਖਾਵਾਂ ਹੁੰਦਾ ਹੈ, ਇਸ ਗੱਲ ਦਾ ਅਸਲ ਅਹਿਸ-ਾਸ ਮੈਨੂੰ ਉਸ ਦਿਨ ਹੋਇਆ ਸੀ। ਵੱਡੇ ਅਫਸਰਾਂ ਦੇ ਅੱਗੇ ਬੋਲਦੇ ਸਮੇਂ ਨਾ ਤਾਂ ਮੇਰੀ ਜ਼ੁਬਾਨ ਥਥਲਾਈ ਤੇ ਨਾ ਲੱਤਾਂ ਕੰਬਣ ਲੱਗੀਆਂ ਸਨ। ਹਵਾਲਾਤ ਤੋਂ ਬਾਹਰ ਆ ਕੇ ਮੇਰੇ ਮਨ ਵਿੱਚ ਕਈ ਸਵਾਲ ਉਠਦੇ ਰਹੇ। ਵੱਡੇ ਅਫਸਰ ਸੱਚ ਸੁਣ ਕੇ ਰਾਜ਼ੀ ਕਿਉਂ ਨਹੀਂ? ਜਿਹੜੇ ਮੁਲਾਜ਼ਮ ਮੂੜ੍ਹ ਮੱਤ ਪ੍ਰਸ਼ਾਸਨ ਦੀਆਂ ਆਪ ਹੁਦਰੀਆਂ ਵਿੱਚ ਵੀ ਸਫਲ ਚੋਣਾਂ ਕਰਵਾ ਸਕਦੇ ਹਨ, ਕੀ ਉਹ ਇੰਜ ਹੀ ਜ਼ਲੀਲ ਹੁੰਦੇ ਰਹਿਣਗੇ? ਸਾਡੇ ਨੌਜਵਾਨ ਅਧਿਕਾਰੀ, ਜੋ ਆਪਣੇ ਆਪ ਨੂੰ ਸਭ ਤੋਂ ਵੱਧ ਪੜ੍ਹੇ ਲਿਖੇ ਤੇ ਸਿਆਣੇ ਸਮਝਦੇ ਹਨ, ਕੀ ਉਨ੍ਹਾਂ ਕੋਲ ਇਸ ਗਲੇ ਸੜੇ ਚੋਣ ਪ੍ਰਬੰਧ ਨੂੰ ਸੁਧਾਰਨ ਲਈ ਕੋਈ ਠੋਸ ਯੋਜਨਾ ਨਹੀਂ? ਕੀ ਉਹ ਆਪਣੀ ਹੈਂਕੜ ਕਾਰਨ ਸੱਚ ਬੋਲਣ ਵਾਲੇ ਲੋਕਾਂ ਤੇ ਮੁਲਾਜ਼ਮਾਂ ਨੂੰ ਏਦਾਂ ਹੀ ਹਵਾਲਾਤ ਵਿੱਚ ਸੁੱਟਦੇ ਰਹਿਣਗੇ? ਭਾਵੇਂ ਕੁਝ ਵੀ ਹੋਇਆ, ਹਵਾਲਾਤ 'ਚ ਬੰਦ ਰਹਿਣ ਦਾ ਮੈਨੂੰ ਬਹੁਤ ਲਾਭ ਹੋਇਆ ਹੈ। ਜੇਲ੍ਹ ਜਾਂ ਹਵਾਲਾਤ ਦੇ ਡਰ ਕਾਰਨ ਮੈਂ ਬਹੁਤ ਵਾਰ ਅਨਿਆਂ ਹੁੰਦਾ ਵੇਖ ਕੇ ਚੁੱਪ ਧਾਰ ਜਾਂਦਾ ਹੁੰਦਾ ਸਾਂ, ਪਰ ਇਸ ਹਵਾਲਾਤ ਯਾਤਰਾ ਨੇ ਮੇਰਾ ਉਹ ਵੱਡਾ ਡਰ ਦੂਰ ਕਰ ਦਿੱਤਾ ਹੈ।

Dr. Randhawa Dentistry



Your own dentist who really cares for you

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist

New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!

FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

Mayfield Rd
Mcvean Dr
Gore Rd
Squire Ellis Dr
Countryside Dr

NEED A LAWYER ??
KAUR LAW OFFICE

Red Seal NOTARY



MANJEET KAUR
LL.B., (London UK)
Barrister, Solicitor & Notary Public

REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits

WILLS & ESTATE
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

# ਜਸਟਿਸ ਰਣਜੀਤ ਸਿੰਘ ਰਿਪੋਰਟ ਬਾਰੇ ਪੰਜਾਬ ਸਰਕਾਰ ਨੇ ਹਾਈ ਕੋਰਟ ਵਿਚ 'ਕੇਵੀਅਟ' ਪਾਈ



ਚੰਡੀਗੜ੍ਹ, 29 ਜਨਵਰੀ (ਪੋਸਟ ਬਿਊਰੋ)- ਤਿੰਨ ਸਾਲ ਪਹਿਲਾਂ ਪੰਜਾਬ ਵਿੱਚ ਬੇਅਦਬੀ ਦੀਆਂ ਘਟਨਾਵਾਂ ਦੀ ਜਾਂਚ ਅਤੇ ਬਹਿਬਲ ਕਲਾਂ ਗੋਲੀ ਕਾਂਡ ਦੇ ਦੋਸ਼ੀਆਂ ਦੀ ਪਛਾਣ ਕਰਨ ਲਈ ਬਣਾਏ ਗਏ ਜਸਟਿਸ ਰਣਜੀਤ ਸਿੰਘ ਕਮਿਸ਼ਨ ਅਤੇ ਜਸਟਿਸ ਜ਼ੋਰਾ ਸਿੰਘ ਕਮਿਸ਼ਨ ਦੀਆਂ ਰਿਪੋਰਟਾਂ ਦੇ ਵਿਰੁੱਧ ਸਾਬਕਾ ਐਸ ਐਸ ਪੀ ਚਰਨਜੀਤ ਸ਼ਰਮਾ ਅਤੇ ਹੋਰ ਪੁਲਸ ਅਫਸਰਾਂ ਦੀਆਂ ਪਟੀਸ਼ਨਾਂ ਰੱਦ ਹੋਣ ਦੇ ਫੈਸਲੇ ਵਿਰੁੱਧ ਕਿਸੇ ਤਰ੍ਹਾਂ ਦੀ ਅਪੀਲ ਦਾਖਲ ਹੋਣ ਦਾ ਸ਼ੱਕ ਹੋਣ ਕਾਰਨ ਪੰਜਾਬ ਸਰਕਾਰ ਨੇ ਹਾਈ ਕੋਰਟ ਵਿੱਚ ਕੇਵੀਅਟ ਦਾਖਲ ਕਰ ਦਿੱਤੀ ਹੈ।

ਇਸ 'ਕੇਵੀਅਟ' ਵਿੱਚ ਕਿਹਾ ਗਿਆ ਹੈ ਕਿ ਜੇ ਪਟੀਸ਼ਨਾਂ ਰੱਦ ਹੋਣ ਦੇ ਫੈਸਲੇ ਵਿਰੁੱਧ ਕੋਈ ਅਪੀਲ ਦਾਖਲ ਹੁੰਦੀ ਹੈ ਤਾਂ ਸਰਕਾਰ ਨੂੰ ਸੁਣੇ ਬਗੈਰ ਅਪੀਲ ਕਰਤਾ ਨੂੰ ਕੋਈ ਰਾਹਤ ਨਾ ਦਿੱਤੀ ਜਾਵੇ। ਇਸ 'ਕੇਵੀਅਟ' ਦੇ ਦਾਖਲ ਹੋਣ ਨਾਲ ਜੇ ਕੋਈ ਅਪੀਲ ਕਰਦਾ ਹੈ ਤਾਂ ਹਾਈ ਕੋਰਟ ਵੱਲੋਂ ਸਰਕਾਰ ਨੂੰ ਵੀ ਪੱਖ ਰੱਖਣ ਲਈ ਸੱਦਿਆ ਜਾਵੇ। ਵਰਨਣ ਯੋਗ ਹੈ ਕਿ ਪੁਲਸ ਅਫਸਰਾਂ ਦੀਆਂ ਪਟੀਸ਼ਨਾਂ ਰੱਦ ਕਰਦਿਆਂ ਜਿਥੇ ਰਣਜੀਤ ਸਿੰਘ ਤੇ ਜ਼ੋਰਾ ਸਿੰਘ ਕਮਿਸ਼ਨ ਦੀਆਂ ਰਿਪੋਰਟਾਂ ਨੂੰ ਰੱਦ ਨਹੀਂ ਕੀਤਾ ਸੀ, ਉਥੇ ਸੀ ਬੀ ਆਈ ਜਾਂਚ ਦੀ ਮੰਗ ਰੱਦ ਕਰਦਿਆਂ ਹਾਈ ਕੋਰਟ ਨੇ ਕਿਹਾ ਸੀ ਕਿ ਐਸ ਆਈ ਟੀ ਜਾਂਚ ਜਾਰੀ ਰੱਖੇਗੀ ਤੇ ਜਾਂਚ ਤੇਜ਼ੀ ਨਾਲ ਮੁਕੰਮਲ ਕਰੇਗੀ।

## ਪੀ ਏ ਪੀ ਫਲਾਈਓਵਰ ਦਾ ਰੇੜਕਾ ਇੱਕ ਵਾਰ ਫਿਰ ਵਧਿਆ

ਜਲੰਧਰ, 29 ਜਨਵਰੀ (ਪੋਸਟ ਬਿਊਰੋ)- ਪਹਿਲਾਂ ਜਲੰਧਰ ਦੀ ਟ੍ਰੈਫਿਕ ਪੁਲਸ ਤੇ ਫਿਰ ਕੰਪਨੀ ਵੱਲੋਂ ਪੈਸੇ ਨਾ ਮਿਲਣ ਦੇ ਕਾਰਨ ਪੀ ਏ ਪੀ ਫਲਾਈਓਵਰ ਉੱਤੇ ਮਿੱਟੀ ਪਾਉਣ ਵਾਲੇ ਠੇਕੇਦਾਰ ਨੂੰ ਵਿਧਾਇਕ ਦੀ ਨਾਰਾਜ਼ਗੀ ਝੱਲਣੀ ਪੈਂਦੀ ਹੈ। ਉਸ ਨੂੰ ਜਲੰਧਰ ਛਾਉਣੀ ਹਲਕੇ ਦੇ ਚੋਲਾਂਗ ਪਿੰਡ 'ਚੋਂ ਟਿੱਪਰਾਂ 'ਚ ਮਿੱਟੀ ਭਰ ਕੇ ਲਿਆਉਣ ਤੋਂ ਰੋਕ ਦਿੱਤਾ ਗਿਆ ਹੈ। ਤਰਕ ਇਹ ਦਿੱਤਾ ਜਾ ਰਿਹਾ ਹੈ ਕਿ ਵੱਡੇ ਟਿੱਪਰਾਂ ਦੀ ਆਵਾਜਾਈ ਕਾਰਨ ਪਿੰਡ ਦੀਆਂ ਸੜਕਾਂ ਟੁੱਟ ਜਾਣਗੀਆਂ ਤੇ ਸਰਕਾਰ ਕੋਲ ਟੁੱਟੀਆਂ ਸੜਕਾਂ ਬਣਾਉਣ ਲਈ ਇਸ ਵਕਤ ਪੈਸੇ ਨਹੀਂ ਹਨ।

ਮਿਲੀ ਜਾਣਕਾਰੀ ਅਨੁਸਾਰ ਠੇਕੇਦਾਰ ਪ੍ਰੇਮ ਕੁਮਾਰ ਬਾਕਾਇਦਾ ਤੌਰ 'ਤੇ ਮਾਈਨਿੰਗ ਵਿਭਾਗ ਕੋਲ ਰਾਇਲਟੀ ਭਰੀ ਹੋਈ ਹੈ ਤੇ ਉਹ ਲੋੜ ਪੈਣ ਉੱਤੇ ਇਕ ਲੱਖ ਰੁਪਏ ਤੱਕ ਦੀ ਮੁਰੰਮਤ ਵੀ ਆਪਣੀ ਜੇਬ ਤੋਂ ਕਰਵਾਉਣ ਨੂੰ ਤਿਆਰ ਹਨ। ਇਸ ਦੇ ਬਾਵਜੂਦ ਉਨ੍ਹਾਂ ਨੂੰ ਪਿੰਡ ਵਿੱਚੋਂ ਮਿੱਟੀ ਨਹੀਂ ਲਿਆਉਣ ਦਿੱਤੀ ਜਾ ਰਹੀ। ਕੱਲ੍ਹ ਛੋਟੇ ਟਿੱਪਰਾਂ ਨਾਲ ਮਿੱਟੀ ਪਾਈ ਗਈ, ਜਦ ਕਿ ਤਿੰਨ ਛੋਟੇ ਟਿੱਪਰ ਮਿਲਾ ਕੇ ਇਕ ਵੱਡਾ ਟਿੱਪਰ ਬਣਦਾ ਹੈ। ਇਸ ਤਰ੍ਹਾਂ ਮਿੱਟੀ ਪਾਉਣ ਦੀ ਰਫਤਾਰ ਬਹੁਤ ਘੱਟ ਹੋ ਗਈ ਹੈ। ਉਨ੍ਹਾਂ ਕਿਹਾ ਕਿ ਜੇ ਉਨ੍ਹਾਂ ਨੂੰ ਇਕ ਦਿਨ ਲਈ ਵੀ ਵੱਡੇ ਟਿੱਪਰਾਂ ਨਾਲ ਮਿੱਟੀ ਪਾਉਣ ਦੀ ਖੁੱਲ੍ਹ ਹੋ ਜਾਵੇ ਤਾਂ ਪੀ ਏ ਪੀ ਫਲਾਈਓਵਰ ਸਾਈਟ 'ਤੇ ਮਿੱਟੀ ਪਾਉਣ ਦਾ ਕੰਮ ਪੂਰਾ ਹੋ ਸਕਦਾ ਹੈ, ਕਿਉਂਕਿ ਕੰਮ ਖਤਮ ਹੋਣ ਦੇ ਬਹੁਤ ਨੇੜੇ ਪੁੱਜ ਚੁੱਕਾ ਹੈ ਅਤੇ ਰਾਮਾ ਮੰਡੀ ਫਲਾਈਓਵਰ 'ਤੇ ਮਿੱਟੀ ਪਾਉਣ ਦਾ ਹਾਲੇ ਕਾਫੀ ਕੰਮ ਬਾਕੀ ਬਚਿਆ ਹੈ। ਠੇਕੇਦਾਰ ਪ੍ਰੇਮ ਕੁਮਾਰ ਨੇ ਕਿਹਾ ਕਿ ਸ਼ੁੱਕਰਵਾਰ ਰਾਤ ਪਿੰਡ ਵਾਸੀਆਂ ਨੇ ਉਨ੍ਹਾਂ ਦੇ ਟਿੱਪਰ ਫੜ ਕੇ ਬੰਦ ਕਰ ਦਿੱਤੇ। ਇਸ ਦੇ ਬਾਅਦ ਮੌਕੇ 'ਤੇ ਪੁਲਸ ਸੱਦੀ ਗਈ ਤਾਂ ਟਿੱਪਰ ਨਹੀਂ ਛੱਡੇ ਗਏ। ਉਨ੍ਹਾਂ ਕਿਹਾ ਕਿ ਪਿੰਡ ਵਾਸੀਆਂ ਨੇ ਕਿਹਾ ਕਿ ਵਿਧਾਇਕ ਪ੍ਰਗਟ ਸਿੰਘ ਨੇ ਉਨ੍ਹਾਂ ਨੂੰ ਟਰੱਕਾਂ ਦੀ ਆਵਾਜਾਈ ਰੋਕਣ ਲਈ ਕਿਹਾ ਹੈ। ਠੇਕੇਦਾਰ ਪ੍ਰੇਮ ਕੁਮਾਰ ਨੇ ਕਿਹਾ ਕਿ ਉਹ ਵਿਧਾਇਕ ਪ੍ਰਗਟ ਸਿੰਘ ਨੂੰ ਮਿਲਣ ਗਏ, ਪਰ ਸਮੱਸਿਆ ਦਾ ਹੱਲ ਨਹੀਂ ਨਿਕਲਿਆ। ਪਿੰਡ ਚੋਲਾਂਗ ਦੇ ਸਰਪੰਚ ਗੁਰਮੀਤ ਸਿੰਘ ਨੇ ਕਿਹਾ ਕਿ ਠੇਕੇਦਾਰ ਦੇ ਟਿੱਪਰ ਪਿੰਡ ਦੀ ਲਿੰਕ ਰੋਡ 'ਤੇ ਚੱਲਦੇ ਸੀ, ਜਦ ਕਿ ਠੇਕੇਦਾਰ ਕੋਲ ਨੈਸ਼ਨਲ ਹਾਈਵੇ 'ਤੇ ਟਿੱਪਰ ਚਲਾਉਣ ਦੀ ਆਗਿਆ ਹੈ। ਉਨ੍ਹਾਂ ਕਿਹਾ ਕਿ ਆਪਣੀ ਸ਼ਿਕਾਇਤ ਉਨ੍ਹਾਂ ਨੇ ਹਲਕਾ ਵਿਧਾਇਕ ਪ੍ਰਗਟ ਸਿੰਘ ਨੂੰ ਕੀਤੀ ਤਾਂ ਵਿਧਾਇਕ ਨੇ ਕਿਹਾ ਸੀ ਕਿ ਜੇ ਸੜਕਾਂ ਟੁੱਟਦੀਆਂ ਹਨ ਤਾਂ ਸੜਕਾਂ ਮੁਰੰਮਤ ਕਰਵਾਉਣ ਲਈ ਕੋਈ ਫੰਡ ਨਹੀਂ ਹੈ। ਪ੍ਰਗਟ ਸਿੰਘ ਨੇ ਪੰਚਾਇਤ ਦੀ ਸਹਿਮਤੀ ਨਾਲ ਟਰੱਕ ਰੋਕਣ ਲਈ ਕਿਹਾ ਸੀ। ਉਨ੍ਹਾਂ ਨੇ ਇਸ ਬਾਰੇ ਥਾਣੇ 'ਚ ਸ਼ਿਕਾਇਤ ਦਿੱਤੀ ਤਾਂ ਟਿੱਪਰ ਬੰਦ ਕਰ ਦਿੱਤੇ ਗਏ। ਉਨ੍ਹਾਂ ਕਿਹਾ ਕਿ ਲਿੰਕ ਰੋਡ 'ਤੇ ਟਰਾਲੀ ਚੱਲ ਸਕਦੀ ਹੈ ਤੇ ਠੇਕੇਦਾਰ ਨੂੰ ਜੇ ਮਿੱਟੀ ਚੁੱਕਵਾਉਣੀ ਹੈ ਤਾਂ ਟਰਾਲੀ ਤੋਂ ਚੁੱਕਵਾ ਸਕਦਾ ਹੈ।

## ਸਮੂਹਿਕ ਖੁਦਕੁਸ਼ੀ ਦੇ ਕੇਸ ਵਿੱਚ ਡੀ ਜੀ ਪੀ ਜਸਮਿੰਦਰ ਅਦਾਲਤ ਵਿੱਚ ਪੇਸ਼



ਅੰਮ੍ਰਿਤਸਰ, 29 ਜਨਵਰੀ (ਪੋਸਟ ਬਿਊਰੋ)- ਅਕਤੂਬਰ 2004 ਵਿੱਚ ਸ਼ਹਿਰ ਦੇ ਅੰਦਰੂਨੀ ਹਿੱਸੇ ਚੌਕ ਮੋਨੀ ਦੇ ਇਕ ਘਰ ਵਿੱਚ ਪੰਜ ਜੀਆਂ ਦੀ ਖੁਦਕੁਸ਼ੀ ਦੇ ਕੇਸ ਵਿੱਚ ਕੱਲ੍ਹ ਪੰਜਾਬ ਪੁਲਸ ਦੇ ਵਿਜੀਲੈਂਸ ਸੈਲ (ਇੰਟਰਨਲ) ਦੇ ਡੀ ਜੀ ਪੀ ਜਸਮਿੰ-ਦਰ ਸਿੰਘ ਇਥੇ ਅਦਾਲਤ ਵਿੱਚ ਪੇਸ਼ ਹੋਏ ਅਤੇ ਕੇਸ ਬਾਰੇ ਅਦਾਲਤ ਨੂੰ ਜਾਣਕਾਰੀ ਦਿੱਤੀ।

ਡੀ ਜੀ ਪੀ ਜਸਮਿੰਦਰ ਸਿੰਘ ਨੇ ਉਸ ਘਟਨਾ ਵੇਲੇ ਇਸ ਕੇਸ ਦੀ ਜਾਂਚ ਕੀਤੀ ਸੀ ਅਤੇ ਉਹ ਉਸ ਵੇਲੇ ਆਈ ਜੀ ਲੋਕਪਾਲ ਸਨ ਅਤੇ ਉਨ੍ਹਾਂ ਨੂੰ ਇਸ ਦੀ ਜਾਂਚ ਪੰਜਾਬ ਦੇ ਗ੍ਰਹਿ ਵਿਭਾਗ ਨੇ ਸੌਂਪੀ ਸੀ। ਇਸ ਦੀ ਇਕ ਸ਼ਿਕਾਇਤ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਨੇ ਕੀਤੀ ਸੀ, ਜਿਸ ਦੇ ਆਧਾਰ 'ਤੇ ਇਸ ਕੇਸ ਦੀ ਅਦਾਲਤ ਵਿੱਚ ਸੁਣਵਾਈ ਚੱਲ ਰਹੀ ਹੈ।

ਮਿਲੀ ਜਾਣਕਾਰੀ ਮੁਤਾਬਕ ਕੱਲ੍ਹ ਅਦਾਲਤੀ ਕਾਰਵਾਈ ਵੇਲੇ ਉਚ ਪੁਲਸ ਅਧਿਕਾਰੀ ਨੇ 200 ਸਫਿਆਂ ਦਾ ਇਕ ਦਸਤਾਵੇਜ਼ ਸੌਂਪਿਆ ਹੈ, ਜਿਸ ਵਿੱਚ ਉਸ ਵੇਲੇ ਦੇ ਕਈ ਅਹਿਮ ਦਸਤਾਵੇਜ਼ ਅਤੇ ਪੱਤਰ ਸ਼ਾਮਲ ਹਨ। ਇਸ ਤੋਂ ਪਹਿਲਾਂ ਉਹ 23 ਜਨਵਰੀ ਨੂੰ ਵੀ ਅਦਾਲਤ ਵਿੱਚ ਪੇਸ਼ ਹੋਏ ਸਨ ਅਤੇ ਕੇਸ ਦੇ ਸਬੂਤ ਅਦਾਲਤ ਨੂੰ ਪੇਸ਼ ਕੀਤੇ ਸਨ। ਇਸ ਕੇਸ ਦੀ ਅਗਲੀ ਸੁਣਵਾਈ ਪੰਜ ਫਰਵਰੀ ਨੂੰ ਹੋਵੇਗੀ। ਅਦਾਲਤ ਨੇ ਉਚ ਪੁਲਸ ਅਧਿਕਾਰੀ ਨੂੰ ਮੁੜ ਅਦਾਲਤ ਵਿੱਚ ਪੇਸ਼ ਹੋ ਕੇ ਰਹਿੰਦੇ ਸਬੂਤ ਪੇਸ਼ ਕਰਨ ਲਈ ਆਖਿਆ ਹੈ। ਵਰਣਣ ਯੋਗ ਹੈ ਕਿ ਅਕਤੂਬਰ 2004 ਵਿੱਚ ਹਰਦੀਪ ਸਿੰਘ, ਉਸ ਦੀ ਪਤਨੀ ਰੋਮੀ, ਦੋ ਬੱਚਿਆਂ ਈਮੂ ਤੇ ਸੋਨੂੰ ਅਤੇ ਹਰਦੀਪ ਸਿੰਘ ਦੀ ਮਾਂ ਨੇ ਜ਼ਹਿਰੀਲੀ ਚੀਜ਼ ਖਾ ਕੇ ਖੁਦਕੁਸ਼ੀ ਕਰ ਲਈ ਸੀ। ਖੁਦਕੁਸ਼ੀ ਨੋਟ ਉਨ੍ਹਾਂ ਨੇ ਘਰ ਦੀ ਕੰਧ ਉਤੇ ਲਿਖਿਆ ਸੀ, ਜਿਸ ਵਿੱਚ ਪਰਵਾਰ ਦੀ ਮੌਤ ਲਈ ਉਨ੍ਹਾਂ ਆਪਣੇ ਕੁਝ ਰਿਸ਼ਤੇਦਾਰਾਂ ਅਤੇ ਉਸ ਵੇਲੇ ਦੇ ਐਸ ਐਸ ਪੀ ਸਮੇਤ ਹੋਰ ਪੁਲਸ ਕਰਮਚਾਰੀਆਂ ਨੂੰ ਜ਼ਿੰਮੇਵਾਰ ਠਹਿਰਾਇਆ ਸੀ। ਸਾਬਕਾ ਐਸ ਐਸ ਪੀ ਕੁਲਤਾਰ ਸਿੰਘ ਸਮੇਤ ਮ੍ਰਿਤਕ ਦੇ ਕੁਝ ਰਿਸ਼ਤੇਦਾਰ, ਜੋ ਇਸ ਕੇਸ ਵਿੱਚ ਨਾਮਜ਼ਦ ਸਨ, ਇਸ ਵੇਲੇ ਜ਼ਮਾਨਤ 'ਤੇ ਹਨ, ਵੀ ਅਦਾਲਤ ਵਿੱਚ ਪੇਸ਼ ਹੋਏ।

### ਹੋਂਦ ਚਿੱਲੜ ਕਾਂਡ

# 79 ਸਿੱਖਾਂ ਦੇ ਕਤਲ ਪੁਲਸ ਦੀ ਮਿਲੀਭੁਗਤ ਨਾਲ ਹੋਏ ਸਨ



ਹੋਂਦ ਚਿਲੜ ਦੇ ਨੁਕਸਾਨੇ ਗਏ ਘਰ ਦੀ ਇਕ ਤਸਵੀਰ।

ਜਲੰਧਰ, 29 ਜਨਵਰੀ (ਪੋਸਟ ਬਿਊਰੋ)- ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਨਵੰਬਰ 1984 ਵਿੱਚ ਹਰਿਆਣਾ ਦੇ ਹੋਂਦ ਚਿੱਲੜ, ਜ਼ਿਲਾ ਗੁੜਗਾਓਂ ਅਤੇ ਪਟੌਦੀ ਵਿੱਚ 79 ਸਿੱਖਾਂ ਦੇ ਕਤਲਾਂ ਵਿੱਚ ਪੁਲਸ ਵਾਲਿਆਂ ਦੀ ਮਿਲੀਭੁਗਤ ਸਾਹਮਣੇ ਆਈ ਹੈ। ਇਹ ਖੁਲਾਸਾ ਇਕ ਆਰ ਟੀ ਆਈ ਵਿੱਚ ਹੋਣ ਦੇ ਬਾਅਦ ਕਤਲੇਆਮ ਪੀੜਤਾਂ ਤੇ ਸਾਰੇ ਸਿੱਖ ਭਾਈਚਾਰੇ ਦੇ ਜ਼ਖਮ ਇਕ ਵਾਰ ਫਿਰ ਹਰੇ ਹੋ ਗਏ ਹਨ।

ਸੂਚਨਾ ਅਧਿਕਾਰ ਦੀ ਇੱਕ ਅਰਜ਼ੀ ਵਿੱਚ ਸਾਹਮਣੇ ਆਇਆ ਹੈ ਕਿ ਬੇਕਸੂਰ ਸਿੱਖ ਮਾਰੇ ਜਾਣ ਵਾਲੀ ਥਾਂ ਪੁਲਸ ਦਾ ਪਹਿਰਾ ਲੱਗਾ ਹੋਇਆ ਸੀ। ਹੈਰਾਨੀ ਦੀ ਗੱਲ ਇਹ ਪਤਾ ਲੱਗੀ ਹੈ ਕਿ ਜਿਨ੍ਹਾਂ ਖੇਤਰਾਂ 'ਚ ਪੁਲਸ ਮੌਜੂਦ ਨਹੀਂ ਸੀ, ਉਥੇ ਲੋਕ ਬਚੇ ਰਹੇ ਸਨ, ਪਰ ਲੋਕਾਂ ਦੀ ਰੱਖਿਆ ਕਰਨ ਵਾਲੀ ਪੁਲਸ ਦੀ ਮੌਜੂਦਗੀ ਵਾਲੀ ਥਾਂ ਸਿੱਖਾਂ ਨੂੰ ਚੁਣ-ਚੁਣ ਕੇ ਮਾਰਨ ਦਾ ਆਪਣੇ ਆਪ ਵਿੱਚ ਇਕ ਦਿਲ ਨੂੰ ਹਿਲਾ ਦੇਣ ਵਾਲਾ ਕਾਂਡ ਵਾਪਰਿਆ ਸੀ। ਹੋਂਦ ਚਿੱਲੜ ਤਾਲਮੇਲ ਕਮੇਟੀ ਦੇ ਪ੍ਰਧਾਨ ਇੰਜੀਨੀਅਰ ਮਨਵਿੰਦਰ ਸਿੰਘ ਗਿਆਸਪੁਰਾ ਨੇ ਕੱਲ੍ਹ ਪੱਤਰਕਾਰ ਸੰਮੇਲਨ ਦੌਰਾਨ ਇਕ ਤੇ ਦੋ ਨਵੰਬਰ 1984 ਨੂੰ ਘਟਨਾ ਵਾਲੀਆਂ ਥਾਵਾਂ ਉੱਤੇ ਲੱਗੇ ਪੁਲਸ ਮੁਲਾਜ਼ਮਾਂ ਦੀ ਸੂਚੀ ਦਿਖਾ ਕੇ ਕਿਹਾ ਕਿ ਪੁਲਸ ਦੀ ਮੌਜੂਦਗੀ ਵਿੱਚ 79 ਸਿੱਖਾਂ ਨੂੰ ਜਿੰਦਾ ਸਾੜ ਕੇ ਮਾਰ ਦਿੱਤਾ ਗਿਆ ਸੀ। ਗੁੜਗਾਓਂ ਵਿੱਚ 297 ਘਰਾਂ ਫੈਕਟਰੀਆਂ ਅਤੇ ਪਟੌਦੀ ਵਿੱਚ 47 ਘਰਾਂ ਅਤੇ ਫੈਕਟਰੀਆਂ ਤੋਂ ਇਲਾਵਾ ਹੋਂਦ ਚਿੱਲੜ ਦੇ ਪੂਰੇ ਪਿੰਡ ਨੂੰ ਸਾੜ ਕੇ ਸੁਆਹ ਕਰ ਦਿੱਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਆਰ ਟੀ ਆਈ ਦੀ ਅਰਜ਼ੀ ਤੋਂ ਮਿਲੀ ਜਾਣਕਾਰੀ ਮੁਤਾਬਕ ਓਦੋਂ ਗੁੜਗਾਓਂ ਵਿੱਚ 121 ਹੈਡ ਕਾਂਸਟੇਬਲ ਅਤੇ 697 ਸਿਪਾਹੀ ਲੱਗੇ ਹੋਏ ਸਨ ਤੇ ਇਨ੍ਹਾਂ ਸਾਰਿਆਂ ਦੀ ਡਿਊਟੀ ਸਿੱਖਾਂ ਨੂੰ ਬਚਾਉਣ ਦੀ ਸੀ, ਪਰ ਉਨ੍ਹਾਂ ਨੇ ਸਿੱਖਾਂ ਦੇ ਕਤਲਾਂ ਵਿੱਚ ਭੂਮਿਕਾ ਨਿਭਾਈ ਸੀ। ਉਨ੍ਹਾਂ ਦੱਸਿਆ ਕਿ ਇਕ ਨਵੰਬਰ 1984 ਨੂੰ ਸਿੱਖਾਂ ਨੂੰ ਮਾਰਨ ਲਈ ਉਦੋਂ ਦੇ ਐਸ ਪੀ ਸਿਨਹਾ ਨੇ ਆਪਣੇ ਦਫਤਰ ਦੇ ਸਾਹ-ਮਣੇ ਵਾਲੇ ਪੈਟਰੋਲ ਪੰਪ ਤੋਂ ਇਕ ਹੈਡ ਕਾਂਸਟੇਬਲ ਅਤੇ ਦੋ ਸਿਪਾਹੀਆਂ ਦੀ ਹਾਜ਼ਰੀ 'ਚ ਕਾਤਲ ਭੀੜ ਨੂੰ ਪੈਟਰੋਲ ਦਿਵਾਇਆ ਸੀ ਤੇ ਉਨ੍ਹਾਂ ਦੀਆਂ ਟੋਲੀਆਂ ਬਣਾ ਕੇ ਸਿੱਖਾਂ ਨੂੰ ਮਾਰਨ ਲਈ ਭੇਜਿਆ ਸੀ। ਓਦੋਂ ਡਿਪਟੀ ਕਮਿਸ਼ਨਰ ਭਗਵਤੀ ਪ੍ਰਸਾਦ ਨੇ ਪੀੜਤਾਂ ਦੀ ਰਾਖੀ ਕਰਨ ਦੀ ਥਾਂ ਭੀੜ ਨੂੰ ਉਕਸਾਇਆ, ਇਥੋਂ ਤੱਕ ਕਿ ਉਸ ਨੇ ਕਤਲੇਆਮ ਪੀੜਤਾਂ ਲਈ ਬਣੇ ਆਰਜ਼ੀ ਕੈਂਪਾਂ ਵਿੱਚ ਪੀੜਤਾਂ ਨੂੰ ਪਾਣੀ ਤੱਕ ਨਹੀਂ ਸੀ ਪੁੱਜਣ ਦਿੱਤਾ।

ਮਾਨਵਿੰਦਰ ਸਿੰਘ ਗਿਆਸਪੁਰਾ ਨੇ ਦੱਸਿਆ ਕਿ ਆਰ ਟੀ ਆਈ ਅਰਜ਼ੀ ਨਾਲ ਸਾਫ ਹੁੰਦਾ ਹੈ ਕਿ ਜਿਥੇ ਪੁਲਸ ਦੀ ਡਿਊਟੀ ਸੀ, ਉਸ ਇਲਾਕੇ 'ਚ ਸਿੱਖ ਬੇਰਹਿਮੀ ਨਾਲ ਮਾਰੇ ਗਏ। ਇਸ ਰਿਪੋਰਟ ਮੁਤਾਬਕ ਗੁਰਦੁਆਰਾ ਸਿੰਘ ਸਭਾ ਵਿੱਚ ਇਕ ਅਫਸਰ, ਇਕ ਹੈਡ ਕਾਂਸਟੇਬਲ ਅਤੇ 11 ਸਿਪਾਹੀਆਂ ਸਮੇਤ 13 ਮੁਲਾਜ਼ਮ ਮੌਜੂਦ ਸਨ, ਜਿਨ੍ਹਾਂ ਦੀ ਮੌਜੂਦਗੀ ਅਤੇ ਸਰਪ੍ਰਸਤੀ ਹੇਠ ਗੁਰੂ ਘਰ ਨੂੰ ਅੱਗ ਲਾ ਕੇ ਸਾੜਿਆ ਗਿਆ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕੀਤੀ ਗਈ। ਇਸੇ ਤਰ੍ਹਾਂ ਸੇਠੀ ਚੌਕ ਵਿੱਚ ਹੈਡ ਕਾਂਸਟੇਬਲ ਅਤੇ ਪੰਜ ਕਾਂਸਟੇਬਲ ਮੌਜੂਦ ਸਨ, ਸੋਹਨਾ ਚੌਕ ਵਿੱਚ ਇਕ ਅਫਸਰ, ਦੋ ਹੈਡ ਕਾਂਸਟੇਬਲ ਤੇ 18 ਕਾਂਸਟੇਬਲ ਸਨ ਤੇ ਸਭ ਤੋਂ ਵੱਧ ਕਤਲ ਵੀ ਸੋਹਨਾ ਚੌਕ ਵਿੱਚ ਹੋਏ ਸਨ। ਇਥੇ ਜੋਗਿੰਦਰ ਸਿੰਘ ਪਤੀ ਸ੍ਰੀਮਤੀ ਹਰਬੰਸ ਕੌਰ, ਹਰਮਿੰ-ਦਰ ਸਿੰਘ ਪਤੀ ਸੁਦੇਸ਼ ਕੌਰ ਤੋਂ ਇਲਾਵਾ ਛੇ ਹੋਰਾਂ ਨੂੰ ਜ਼ਿੰਦਾ ਸਾੜ ਦਿੱਤਾ ਗਿਆ ਸੀ। ਆਲੇ ਦੁਆਲੇ ਦੇ ਇਲਾਕੇ 'ਚ ਸਿੱਖਾਂ ਦੀਆਂ ਦੁਕਾਨਾਂ ਨੂੰ ਅੱਗ ਲਾ ਦਿੱਤੀ ਗਈ ਤੇ ਘਰ ਤਬਾਹ ਕਰ ਦਿੱਤੇ ਗਏ। ਡਾਕਖਾਨੇ ਕੋਲ ਇਕ ਅਫਸਰ, ਦੋ ਹੈਡ ਕਾਂਸਟੇਬਲ ਅਤੇ 18 ਕਾਂਸਟੇਬਲ ਸਨ ਤੇ ਇਸ ਦੇ ਨੇੜੇ 10 ਸਿੱਖਾਂ ਨੂੰ ਜ਼ਿੰਦਾ ਸਾੜ ਦਿੱਤਾ ਗਿਆ ਸੀ। ਫੁਆਰਾ ਚੌਕ 'ਚ ਇਕ ਅਫਸਰ, ਇਕ ਹੈਡ ਕਾਂਸਟੇਬਲ ਅਤੇ ਅੱਠ ਕਾਂਸਟੇਬਲ ਸਨ। ਬੁਤੇਸ਼ਵਰ ਮੰਦਰ ਕੋਲ ਦੋ ਹੈਡ ਕਾਂਸਟੇਬਲ ਤੇ ਛੇ ਕਾਂਸਟੇਬਲ ਸਨ। ਇਥੇ ਮੰਦਰ ਕੋਲ ਦੋ ਸਿੱਖਾਂ ਨੂੰ ਮਾਰ ਦਿੱਤਾ ਗਿਆ। ਮਿੰਨੀ ਸਕੱਤਰੇਤ ਵਿੱਚ ਇਕ ਹੈਡ ਕਾਂਸਟੇਬਲ ਅਤੇ ਤਿੰਨ ਕਾਂਸਟੇਬਲ ਮੌਜੂਦ ਸਨ। ਗੁਰਦੁਆਰਾ ਨਿਊ ਕਾਲੋਨੀ 'ਚ ਇਕ ਹੈਡ ਕਾਂਸਟੇਬਲ ਤੇ ਅੱਠ ਕਾਂਸਟੇਬਲ ਸਨ। ਗੁਰਦੁਆਰਾ ਮਾਡਲ ਟਾਊਨ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕੀਤੀ ਗਈ ਤੇ ਗ੍ਰੰਥੀ ਸਿੰਘ ਸਮੇਤ ਗੁਰੂ ਘਰ ਨੂੰ ਸਾੜ ਦਿੱਤਾ ਗਿਆ। ਇਸ ਤੋਂ ਇਲਾਵਾ ਰੇਲਵੇ ਸਟੇਸ਼ਨ ਵਿਖੇ ਚਾਰ, ਬੱਸ ਸਟੈਂਡ ਗੁੜਗਾਉਂ ਅੱਠ ਪੁਲਸ ਵਾਲੇ, ਅਜੀਤ ਸਿਨੇਮਾ ਪੰਜ, ਦਿਲਬਹਾਰ ਹੋਟਲ ਕੋਲ ਪੰਜ, ਪਿੰਡੀ ਸਿਲਕ ਸਟੋਰ ਕੋਲ ਪੰਜ, ਗੁੜਗਾਉਂ ਪਿੰਡ ਕੋਲ 11, ਬਾਦਸ਼ਾਹਪੁਰ ਕੋਲ ਛੇ ਅਤੇ ਧਾਰੂਹੇੜਾ ਕੋਲ ਅੱਠ ਪੁਲਸ ਵਾਲੇ ਸਨ। ਚੌਕਾਂ ਵਿੱਚ ਡਿਊਟੀਆਂ ਤੋਂ ਇਲਾਵਾ ਸੋਹਨਾ ਚੌਕ ਤੋਂ ਕਬੀਰ ਭਵਨ ਤੱਕ ਇਕ ਹੈਡ ਕਾਂਸਟੇਬਲ ਅਤੇ ਦੋ ਕਾਂਸਟੇਬਲ ਗਸ਼ਤ ਕਰ ਰਹੇ ਸਨ। ਪੋਸਟ ਆਫਿਸ ਤੋਂ ਸੋਹਨਾ ਚੌਕ ਤੱਕ ਇਕ ਹੈਡ ਕਾਂਸਟੇਬਲ ਅਤੇ ਦੋ ਕਾਂਸਟੇਬਲ ਗਸ਼ਤ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਉਸ ਸਮੇਂ ਹਰਿਆਣਾ ਦੇ ਮੁੱਖ ਮੰਤਰੀ ਭਜਨ ਲਾਲ ਸਿੱਖਾਂ ਨਾਲ ਨਫਰਤ ਕਰਦੇ ਸਨ ਅਤੇ ਐਸ ਪੀ ਸਿਨਹਾ ਅਤੇ ਡੀ ਸੀ ਭਗਤੀ ਪ੍ਰਸਾਦ ਨੇ ਭਜਨ ਲਾਲ ਨੂੰ ਖੁਸ਼ ਕਰਨ ਲਈ ਇੰਨੇ ਵੱਡੇ ਕਤਲੇਆਮ ਨੂੰ ਅੰਜਾਮ ਦਿੱਤਾ ਤੇ ਇਸ ਗੱਲ ਨੂੰ ਬਾਹਰ ਨਹੀਂ ਨਿਕਲਣ ਦਿੱਤਾ, ਜਿਸ ਕਾਰਨ 26 ਸਾਲ ਤੱਕ ਇਹ ਸਾਰਾ ਕਤਲੇਆਮ ਕਿਸੇ ਦੇ ਨਜ਼ਰੀਂ ਨਹੀਂ ਪਿਆ।

ਇਸ ਮੌਕੇ ਗਿਆਸਪੁਰਾ ਨੇ ਦੱਸਿਆ ਕਿ ਇਨ੍ਹਾਂ ਕਤਲਾਂ ਦੇ 18 ਕੇਸ ਦਰਜ ਹੋਏ, ਪਰ ਪੁਲਸ ਨੇ ਇਨ੍ਹਾਂ ਕੇਸਾਂ ਨੂੰ ਛੇ ਮਹੀਨੇ ਮਗਰੋਂ ਕਲੋਜ਼ਿੰਗ ਰਿਪੋਰਟ ਪਾ ਕੇ ਕਤਲਾਂ ਦੀਆਂ ਫਾਈਲਾਂ ਨੂੰ ਸਦਾ ਲਈ ਬੰਦ ਕਰ ਦਿੱਤਾ ਸੀ।

## ਸੜਕ ਹਾਦਸੇ ਵਿੱਚ ਪਤੀ-ਪਤਨੀ ਦੀ ਜਾਨ ਗਈ, ਧੀ ਜ਼ਖਮੀ

ਸੰਗਰੂਰ, 29 ਜਨਵਰੀ (ਪੋਸਟ ਬਿਊਰੋ)- ਸੰਗਰੂਰ-ਲੁਧਿਆਣਾ ਹਾਈਵੇ ਉਤੇ ਪਿੰਡ ਬੰਗਾਂਵਾਲੀ ਨੇੜੇ ਫਾਰਚੂਨਰ ਕਾਰ ਤੇ ਐਕਟਿਵਾ ਦੀ ਟੱਕਰ ਦੇ ਸਕੂਟਰੀ ਸਵਾਰ ਪਤੀ-ਪਤਨੀ ਦੀ ਮੌਤ ਹੋ ਗਈ ਹੈ। ਮ੍ਰਿਤਕਾਂ ਦੀ ਪਛਾਣ ਦੀਪਕ ਗੋਇਲ (45) ਤੇ ਉਸ ਦੀ ਪਤਨੀ ਸੀਮਾ ਰਾਣੀ (42) ਵਾਸੀ ਖਲੀਫਾ ਬਾਗ, ਸੰਗਰੂਰ ਵਜੋਂ ਹੋਈ ਹੈ। ਉਨ੍ਹਾਂ ਦੀ ਜ਼ਖਮੀ ਬੱਚੀ ਦੀ ਪਛਾਣ ਤੇਜਨ ਗੋਇਲ (12) ਵਜੋਂ ਹੋਈ ਹੈ। ਹਾਦਸੇ ਮਗਰੋਂ ਫਾਰਚੂਨਰ ਚਾਲਕ ਕਾਰ ਛੱਡ ਕੇ ਦੌੜ ਗਿਆ ਹੈ। ਪੁਲਸ ਨੇ ਗੱਡੀ ਨੂੰ ਕਬਜ਼ੇ ਵਿੱਚ ਲੈ ਕੇ ਚਾਲਕ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ।

ਪਤਾ ਲੱਗਾ ਹੈ ਕਿ ਕੱਲ੍ਹ ਸਵੇਰੇ ਦੀਪਕ ਆਪਣੀ ਪਤਨੀ ਸੀਮਾ ਅਤੇ ਬੇਟੀ ਤੇਜਨ ਨਾਲ ਐਕਟਿਵਾ 'ਤੇ ਸਵਾਰ ਹੋ ਕੇ ਸੰਗਰੂਰ ਤੋਂ ਮਾਲੇ-ਰਕੋਟਲਾ ਜਾ ਰਹੇ ਸਨ। ਜਦ ਉਹ ਬੰਗਾਂਵਾਲੀ ਟੀ-ਪੁਆਇੰਟ ਤੋਂ ਥੋੜ੍ਹਾ ਪਿੱਛੇ ਸਨ ਤਾਂ ਸਾਹਮਣੇ ਤੋਂ ਆ ਰਹੀ ਫਾਰਚੂਨਰ ਗੱਡੀ ਨੇ ਸਕੂਟਰੀ ਨੂੰ ਲਪੇਟ ਵਿੱਚ ਲੈ ਲਿਆ। ਦੀਪਕ ਗੋਇਲ ਦੀ ਮੌਕੇ 'ਤੇ ਮੌਤ ਹੋ ਗਈ ਜਦ ਕਿ ਸੀਮਾ ਰਾਣੀ ਅਤੇ ਬੱਚੀ ਤੇਜਨ ਗੋਇਲ ਗੰਭੀਰ ਜ਼ਖਮੀ ਹੋ ਗਈਆਂ। ਹਸਪਤਾਲ ਜਾਂਦਿਆਂ ਰਾਹ ਵਿੱਚ ਸੀਮਾ ਰਾਣੀ ਦੀ ਵੀ ਮੌਤ ਹੋ ਗਈ। ਬੱਚੀ ਨੂੰ ਸਿਵਲ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਮ੍ਰਿਤਕ ਦੇ ਭਰਾ ਸਤੀਸ਼ ਗੋਇਲ ਨੇ ਦੱਸਿਆ ਕਿ ਉਹ ਆਪਣੇ ਭਰਾ ਦੀਪਕ ਗੋਇਲ ਦੇ ਪਿੱਛੇ ਸਕੂਟਰ 'ਤੇ ਜਾ ਰਿਹਾ ਸੀ ਅਤੇ ਟੱਕਰ ਮਾਰਨ ਵਾਲੀ ਫਾਰਚੂਨਰ ਗੱਡੀ ਬੇਹੱਦ ਤੇਜ਼ ਸੀ। ਉਸ ਮੁਤਾਬਕ ਚਾਲਕ ਨੇ ਲਾਪ੍ਰਵਾਹੀ ਨਾਲ ਗੱਡੀ ਗਲਤ ਸਾਈਡ ਲਿਆ ਕੇ ਐਕਟਿਵਾ ਵਿੱਚ ਟੱਕਰ ਮਾਰ ਦਿੱਤੀ। ਮ੍ਰਿਤਕ ਦੀਪਕ ਗੋਇਲ ਟਰੇਡਿੰਗ ਦਾ ਕੰਮ ਕਰਦਾ ਸੀ ਅਤੇ ਸੀਮਾ ਰਾਣੀ ਸਪਰਿੰਗਡੇਲਜ਼ ਪਬਲਿਕ ਸਕੂਲ 'ਚ ਟੀਚਰ ਸੀ।

We Provide services:
- Corporation Registration
- Corporation Tax Returns
- Personal Tax Retruns
- Accounting • Book - Keeping
- H.S.T • WSIB • T4 • E-File
- Assistance in Audit with CRA

CPA CHARTERED PROFESSIONAL ACCOUNTANTS

Kamaljeet Singh Saini CPA, CGA
Chartered Professional Accountants

Off: 905-799-6292
Email: kamalgirn@gmail.com



7956 Torbram Rd, Unit #209, Brampton, ON L6T 5A2 Fax: 905-291-0741

A/Z Drivers Needed/ਡਰਾਈਵਰਾਂ ਦੀ ਲੋੜ

- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers No Waiting at All
- Highest Pay Rate Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- Always Home At Weekends
- Can Work From Brampton, Woodstock or London



- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week

"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"

New Drivers Are Also Welcome, We Give Paid Training With Full Time Job

For Further Information Contact: 6476253344





ਸਿੱਖ ਸੰਗਠਨਾਂ ਦਾ ਮੁੱਖ ਮੰਤਰੀ ਨੂੰ ਪੱਤਰ

# ਗੁਰੂ ਗੋਬਿੰਦ ਸਿੰਘ ਜੀ ਦਾ ਸਾਂਗ ਰਚਣ ਬਾਰੇ ਰਾਮ ਰਹੀਮ ਵਿਰੁੱਧ ਕੇਸ ਮੁੜ ਖੋਲਣ ਦੀ ਮੰਗ

ਚੰਡੀਗੜ੍ਹ, 29 ਜਨਵਰੀ (ਪੋਸਟ ਬਿਊਰੋ)- ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਵੱਲੋਂ 2007 ਵਿੱਚ ਜ਼ਿਲ੍ਹਾ ਬਠਿੰਡਾ ਦੇ ਡੇਰਾ ਸਲਾਬਤਪੁਰਾ 'ਚ ਗੁਰੂ ਗੋਬਿੰਦ ਸਿੰਘ ਜੀ ਵਾਂਗ ਪੁਸ਼ਾਕ ਪਾ ਕੇ ਸਾਂਗ ਰਚਣ ਦਾ ਕੇਸ ਮੁੜ ਕੇ ਖੋਲਣ ਦੀ ਮੰਗ ਉਠਨ ਲੱਗ ਪਈ ਹੈ। ਦਰਬਾਰ-ਏ-ਖਾਲਸਾ ਦੇ ਮੁੱਖ ਸੇਵਾਦਾਰ ਹਰਜਿੰਦਰ ਸਿੰਘ ਮਾਝੀ ਤੇ ਅਲਾਇੰਸ ਆਫ ਸਿੱਖ ਆਰਗੇਨਾਈਜ਼ੇਸ਼ਨਜਲ ਦੇ ਮੁੱਖ ਬੁਲਾਰੇ ਸੁਖਦੇਵ ਸਿੰਘ ਫਗਵਾੜਾ ਨੇ ਰਾਮ ਰਹੀਮ ਦੇ ਖਿਲਾਫ ਇਹ ਕੇਸ ਮੁੜ ਖੋਲ੍ਹਣ ਲਈ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਪੱਤਰ ਲਿਖਿਆ ਹੈ।



ਮਿਲੀ ਜਾਣਕਾਰੀ ਅਨੁਸਾਰ ਇਸ ਪੱਤਰ ਵਿੱਚ ਉਨ੍ਹਾਂ ਨੇ ਕਿਹਾ ਹੈ ਕਿ ਰਾਮ ਰਹੀਮ ਨੇ ਮਈ 2007 ਵਿੱਚ ਆਪਣੇ ਸਲਾਬਤਪੁਰਾ ਜ਼ਿਲ੍ਹਾ ਬਠਿੰਡਾ ਦੇ ਡੇਰੇ ਵਿੱਚ ਗੁਰੂ ਗੋਬਿੰਦ ਜੀ ਦਾ ਸਾਂਗ ਰਚਿਆ ਸੀ, ਜਿਸ ਕਾਰਨ ਸਿੱਖ ਜਗਤ ਦੇ ਹਿਰਦੇ ਵਲੂੰਧਰੇ ਗਏ ਸਨ। ਉਸ ਦੇ ਖਿਲਾਫ ਮਈ 2007 ਵਿੱਚ ਥਾਣਾ ਥਰਮਲ ਕਲੋਨੀ ਬਠਿੰਡਾ ਵਿੱਚ ਕੇਸ ਦਰਜ ਕੀਤਾ ਗਿਆ ਸੀ। ਇਸ ਵਿੱਚ ਆਈ ਜੀ ਪੱਧਰ ਦੇ ਅਧਿਕਾਰੀ ਨੇ ਜਾਂਚ ਕੀਤੀ ਤੇ ਡੇਰਾ ਮੁਖੀ ਨੂੰ ਦੋਸ਼ੀ ਪਾਇਆ ਸੀ, ਪਰ ਬਾਅਦ ਵਿੱਚ ਬਠਿੰਡਾ ਪੁਲਸ ਨੇ ਉਸ ਦੇ ਖਿਲਾਫ ਅਦਾਲਤ ਵਿੱਚ ਚਲਾਨ ਪੇਸ਼ ਨਹੀ ਕੀਤਾ। ਇਸ ਕੇਸ ਵਿੱਚ ਰਾਮ ਰਹੀਮ ਨੇ ਵੀ ਹਾਈ ਕੋਰਟ ਵਿੱਚ ਪਟੀਸ਼ਨ ਪਾਈ ਸੀ, ਜਿਸ ਦੇ ਜੁਆਬ ਵਿੱਚ ਓਦੋਂ ਬਠਿੰਡੇ ਦੇ ਐੱਸ ਐੱਸ ਪੀ ਨੌਨਿਹਾਲ ਸਿੰਘ ਨੇ ਕੋਰਟ ਵਿੱਚ ਐਫੀਡੇਵਿਟ ਦਿੱਤਾ ਸੀ ਕਿ ਡੇਰਾ ਮੁਖੀ ਦੇ ਖਿਲਾਫ ਕੇਸ ਜਾਂਚ ਤੋਂ ਬਾਅਦ ਦਰਜ ਕੀਤਾ ਗਿਆ ਸੀ, ਜਿਸ ਦਾ ਸਾਫ ਅਰਥ ਹੈ ਕਿ ਪੁਲਸ ਨੇ ਸਬੂਤ ਇਕੱਠੇ ਕਰ ਲਏ ਸਨ, ਪਰ ਇਸ ਕੇਸ ਵਿੱਚ ਪੌਣੇ ਪੰਜ ਸਾਲ ਪੁਲਸ ਨੇ ਚਲਾਨ ਪੇਸ਼ ਨਹੀਂ ਕੀਤਾ ਤੇ ਜਨਵਰੀ 2012 ਦੀਆਂ ਵਿਧਾਨ ਸਭਾ ਚੋਣਾਂ ਤੋਂ ਕੁਝ ਸਮਾਂ ਪਹਿਲਾਂ ਬਠਿੰਡੇ ਦੀ ਸੈਸ਼ਨ ਅਦਾਲਤ ਵਿੱਚ ਕੈਂਸਲੇਸ਼ਨ ਰਿਪੋਰਟ ਪੇਸ਼ ਕਰ ਦਿੱਤੀ ਸੀ। ਉਨ੍ਹਾਂ ਨੇ ਅੱਗੇ ਲਿਖਿਆ ਹੈ ਕਿ ਪੁਲਸ ਨੇ ਅਦਾਲਤ ਵਿੱਚ ਇਸ ਕੇਸ ਦੇ ਸ਼ਿਕਾਇਤ ਕਰਤਾ ਰਾਜਿੰਦਰ ਸਿੰਘ ਸਿੱਧੂ, ਜੋ ਅਕਾਲੀ ਦਲ ਦਾ ਕੌਂਸਲਰ ਸੀ, ਦੇ ਦਸਖਤ ਵਾਲਾ ਇੱਕ ਐਫੀਡੇਵਿਟ ਪੇਸ਼ ਕੀਤਾ ਸੀ ਕਿ ਉਹ ਸਲਾਬਤਪੁਰੇ ਦੇ ਇਕੱਠ ਵਿੱਚ ਸ਼ਾਮਲ ਨਹੀਂ ਸੀ, ਪਰ ਪੁਲਸ ਦਾ ਝੂਠ ਉਦੋਂ ਨੰਗਾ ਹੋ ਗਿਆ, ਜਦੋਂ ਸ਼ਿਕਾਇਤ ਕਰਤਾ ਨੇ ਬਾਅਦ ਵਿੱਚ ਅਦਾਲਤ ਵਿੱਚ ਪੇਸ਼ ਹੋ ਕੇ ਦੱਸਿਆ ਕਿ ਐਫੀਡੇਵਿਟ ਉੱਤੇ ਉਸ ਦੇ ਦਸਤਖਤ ਨਹੀਂ ਸਨ। ਇਸ ਦੌਰਾਨ ਜੁਲਾਈ 2014 ਵਿੱਚ ਰਾਮ ਰਹੀਮ ਨੇ ਬਠਿੰਡੇ ਦੀ ਸੈਸ਼ਨ ਕੋਰਟ ਵਿੱਚ ਇੱਕ ਹੋਰ ਅਰਜ਼ੀ ਪਾ ਕੇ ਕਿਹਾ ਕਿ ਪੰਜਾਬ ਪੁਲਸ ਉਸ ਖਿਲਾਫ ਚਲਾਨ ਪੇਸ਼ ਨਹੀਂ ਕਰ ਸਕੀ ਤਾਂ ਉਸ ਨੂੰ ਬਰੀ ਕੀਤਾ ਜਾਵੇ। ਓਦੋਂ ਬਠਿੰਡਾ ਸੈਸ਼ਨ ਕੋਰਟ ਨੇ ਇਸੇ ਆਧਾਰ 'ਤੇ ਉਸ ਨੂੰ ਕੇਸ ਵਿੱਚ ਡਿਸਚਾਰਜ ਕਰ ਦਿੱਤਾ।

ਦੋਵਾਂ ਸੰਗਠਨਾਂ ਨੇ ਮੰਗ ਕੀਤੀ ਹੈ ਕਿ ਇਹ ਕੇਸ ਫਿਰ ਖੋਲ੍ਹ ਕੇ ਇਸ ਦੀ ਗਹਿਰਾਈ ਨਾਲ ਜਾਂਚ ਕੀਤੀ ਜਾਵੇ। ਇਸ ਜਾਂਚ ਨਾਲ ਉਸ ਸਮੇਂ ਪੁਲਸ ਵੱਲੋਂ ਰਾਮ ਰਹੀਮ ਨੂੰ ਇਸ ਕੇਸ ਵਿੱਚੋਂ ਬਚਾਉਣ ਲਈ ਜਾਣ ਬੁੱਝ ਕੇ ਚਲਾਨ ਨਾ ਪੇਸ਼ ਕੀਤੇ ਜਾਣ ਦੀ ਸਾਜ਼ਿਸ ਵੀ ਬੇਨਕਾਬ ਹੋ ਸਕਦੀ ਹੈ।

## ਬੀਮੇ ਲਈ ਭਾਜਪਾ ਨੇਤਾ ਨੇ ਨੌਕਰ ਮਾਰ ਕੇ ਖੁਦ ਨੂੰ ਮਰਿਆ ਐਲਾਨਿਆ

ਭੋਪਾਲ, 29 ਜਨਵਰੀ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਵਿੱਚ ਜ਼ਿਲਾ ਰਤਲਾਮ ਦੇ ਕਮੇੜ ਪਿੰਡ ਵਿੱਚ ਬੀਤੇ ਹਫਤੇ ਭਾਜਪਾ ਵਰਕਰ ਹਿੰਮਤ ਪਾਟੀਦਾਰ ਦੇ ਕਤਲ ਦਾ ਕੇਸ ਡੀ ਐਨ ਏ ਰਿਪੋਰਟ ਨਾਲ ਪਲਟ ਗਿਆ ਹੈ। ਪੁਲਸ ਮੁਤਾਬਕ ਲਾਸ਼ ਹਿੰਮਤ ਦੀ ਨਹੀਂ, ਉਸ ਦੇ ਪੁਰਾਣੇ ਨੌਕਰ ਮਦਨ ਮਾਲਵੀਆ ਦੀ ਹੈ। ਹਿੰਮਤ ਨੇ ਮਦਨ ਨੂੰ ਬੀਮੇ ਦੇ ਵੀਹ ਲੱਖ ਰੁਪਏ ਲਈ ਮਾਰ ਕੇ ਇਹ ਗੱਲ ਫੈਲਾਈ ਸੀ ਕਿ ਖੁਦ ਹਿੰਮਤ ਦੀ ਹੱਤਿਆ ਕੀਤੀ ਗਈ ਹੈ। ਇਸ ਦੇ ਬਾਅਦ ਪੁਲਸ ਹਿੰਮਤ ਦੀ ਤਲਾਸ਼ ਕਰ ਰਹੀ ਹੈ। ਉਸ ਦੇ ਬਾਰੇ ਸੂਚਨਾ ਦੇਣ ਵਾਲੇ ਨੂੰ ਦਸ ਹਜ਼ਾਰ ਰੁਪਏ ਦਾ ਇਨਾਮ ਦੇਣ ਦਾ ਐਲਾਨ ਕੀਤਾ ਹੈ।

ਜ਼ਿਲਾ ਰਤਲਾਮ ਐੱਸ ਪੀ ਨੇ ਦੱਸਿਆ ਕਿ 23 ਫਰਵਰੀ ਨੂੰ ਸੂਚਨਾ ਮਿਲੀ ਕਿ ਭਾਜਪਾ ਵਰਕਰ ਹਿੰਮਤ ਦੀ ਕਿਸੇ ਨੇ ਹੱਤਿਆ ਕਰ ਦਿੱਤੀ ਅਤੇ ਲਾਸ਼ ਦਾ ਚਿਹਰਾ ਸਾੜ ਦਿੱਤਾ ਸੀ। ਐਫ ਐਸ ਐਲ ਦੀ ਟੀਮ ਨੇ ਮੋਬਾਈਲ, ਪਰਸ, ਆਧਾਰ ਕਾਰਡ, ਏ ਟੀ ਐੱਮ ਦੇ ਨਾਲ ਇੱਕ ਪਾਕੇਟ ਡਾਇਰੀ ਵੀ ਬਰਾਮਦ ਕੀਤੀ ਸੀ, ਜਿਸ ਵਿੱਚ ਬੈਂਕ, ਉਧਾਰ ਅਤੇ ਬੀਮੇ ਦਾ ਜ਼ਿਕਰ ਸੀ। ਇਸ ਆਧਾਰ 'ਤੇ ਹਿੰਮਤ ਦੇ ਪਰਵਾਰ ਨੇ ਉਸ ਦੀ ਪਛਾਣ ਕੀਤੀ ਸੀ। ਐੱਸ ਪੀ ਮੁਤਾਬਕ ਹਿੰਮਤ ਨੇ 20 ਲੱਖ ਰੁਪਏ ਦਾ ਬੀਮਾ ਕਰਾਇਆ ਸੀ। ਉਸ ਉਤੇ 10 ਲੱਖ ਦਾ ਉਧਾਰ ਸੀ। ਇਸ ਤੋਂ ਬਚਣ ਲਈ ਉਸ ਨੇ ਆਪਣੇ ਕੱਦ ਅਤੇ ਉਮਰ ਦੇ ਮਦਨ ਮਾਲਵੀਯ ਦੀ ਹੱਤਿਆ ਕਰ ਦਿੱਤੀ। ਪਛਾਣ ਛੁਪਾਉਣ ਦੇ ਲਈ ਉਸ ਦਾ ਚਿਹਰਾ ਵੀ ਸਾੜ ਦਿੱਤਾ।

# ਨਿਤਿਨ ਗਡਕਰੀ ਦੇ ਬਿਆਨ ਉੱਤੇ ਵਿਰੋਧੀ ਧਿਰ ਵੱਲੋਂ ਚੜ੍ਹਾਈ, ਭਾਜਪਾ ਵੱਲੋਂ ਸਫਾਈ

ਨਵੀਂ ਦਿੱਲੀ, 29 ਜਨਵਰੀ (ਪੋਸਟ ਬਿਊਰੋ)- ਕੇਂਦਰੀ ਮੰਤਰੀ ਨਿਤਿਨ ਗਡਕਰੀ ਦੇ 'ਸੁਫਨੇ ਵਿਖਾਉਣ' ਵਾਲੇ ਬਿਆਨ ਉੱਤੇ ਵਿਵਾਦ ਵਧ ਗਿਆ ਹੈ। ਉਨ੍ਹਾਂ ਦੇ ਬਿਆਨ ਦੇ ਬਹਾਨੇ ਜਿੱਥੇ ਵਿਰੋਧੀ ਧਿਰ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉੱਤੇ ਤਿੱਖਾ ਹਮਲਾ ਬੋਲਿਆ ਹੈ, ਉਥੇ ਭਾਜਪਾ ਪ੍ਰਧਾਨ ਮੰਤਰੀ ਦੇ ਬਚਾਅ ਵਿੱਚ ਉਤਰ ਆਈ ਹੈ।

ਕੇਂਦਰੀ ਖੁਰਾਕ ਅਤੇ ਪ੍ਰੋਸੈਸਿੰਗ ਰਾਜ ਮੰਤਰੀ ਸਾਧਵੀ ਨਿਰੰਜਨ ਜੋਤੀ ਨੇ ਕੱਲ੍ਹ ਗਡਕਰੀ ਦੇ ਬਿਆਨ ਦਾ ਬਚਾਅ ਕੀਤਾ ਤੇ ਕਿਹਾ ਕਿ ਭਾਜਪਾ ਨੇ ਜੋ ਕਿਹਾ, ਉਸ ਨੂੰ ਪੂਰਾ ਕਰ ਵਿਖਾਇਆ ਹੈ। ਨਿਰੰਜਨ ਜੋਤੀ ਨੇ ਕਿਹਾ ਕਿ ਗਡਕਰੀ ਦਾ ਬਿਆਨ ਉਨ੍ਹਾਂ ਸਿਆਸੀ ਪਾਰਟੀਆਂ ਲਈ ਹੈ, ਜਿਹੜੀਆਂ ਕਿਸਾਨਾਂ ਨਾਲ ਕਰਜ਼ਾ ਮੁਆਫੀ ਸਮੇਤ ਕਈ ਲੋਕ ਲੁਭਾਉਣੇ ਚੋਣ ਵਾਅਦੇ ਕਰ ਕੇ ਜਿੱਤਣ ਤੋਂ ਬਾਅਦ ਭੁੱਲ ਜਾਂਦੀਆਂ ਹਨ। ਉਨ੍ਹਾਂ ਕਿਹਾ ਕਿ ਜੇ ਏਦਾਂ ਨਾ ਹੁੰਦਾ ਤਾਂ ਗਰੀਬੀ ਹਟਾਓ ਦੇ ਨਾਂਅ 'ਤੇ ਕਾਂਗਰਸ ਦੇ ਕੁਰਸੀ 'ਤੇ ਬੈਠਣ ਦੇ ਖੋਖਲੇ ਵਾਅਦੇ ਨੂੰ ਜਨਤਾ ਰੱਦ ਕਰ ਕੇ ਨਰਿੰਦਰ ਮੋਦੀ ਨੂੰ ਸੱਤਾ ਨਾ ਸੌਂਪਦੀ। ਇਤਹਾਦੁਲ ਮੁਸਲਮੀਨ ਦੇ ਨੇਤਾ ਅਤੇ ਪਾਰਲੀਮੈਂਟ ਮੈਂਬਰ ਅਸਦੁਦੀਨ ਓਵੈਸੀ ਨੇ ਕਿਹਾ ਕਿ ਨਿਤਿਨ ਗਡਕਰੀ ਭਾਜਪਾ ਨੂੰ ਸ਼ੀਸ਼ਾ ਵਿਖਾ ਰਹੇ ਹਨ ਤੇ ਉਹ ਵੀ ਬੇਹੱਦ ਤਿੱਖੇ ਅੰਦਾਜ਼ ਵਿੱਚ। ਐਨ ਸੀ ਪੀ ਨੇ ਕੱਲ੍ਹ ਕਿਹਾ ਕਿ ਕੇਂਦਰੀ ਮੰਤਰੀ ਦੀ ਇਹ ਟਿੱਪਣੀ ਪ੍ਰਧਾਨ ਮੰਤਰੀ ਵਜੋਂ ਨਰਿੰਦਰ ਮੋਦੀ ਦੀ 'ਨਾਕਾਮੀ' ਦੇ ਖਿਲਾਫ 'ਭਾਜਪਾ ਦੇ ਅੰਦਰ ਉਠ ਰਹੀ ਆਵਾਜ਼' ਨੂੰ ਦਰਸਾਉਂਦੀ ਹੈ। ਕਾਂਗਰਸ ਦੇ ਇੱਕ ਨੇਤਾ ਨੇ ਗਡਕਰੀ 'ਤੇ ਝੂਠ ਬੋਲਣ ਦਾ ਦੋਸ਼ ਲਾਇਆ ਹੈ।



ੴ ਸਤਿਗੁਰ ਪ੍ਰਸਾਦਿ ॥

ਗੁਰਮੁਖ ਪਿਆਰੇ, ਬ੍ਰਹਮਗਿਆਨੀ,

ਸ੍ਰੀ ਮਾਨ ਸੰਤ ਅਤਰ ਸਿੰਘ ਜੀ ਮਹਾਰਾਜ

ਮਸਤੂਆਣੇ ਸਾਹਿਬ ਵਾਲਿਆਂ ਦੀ 92 ਵੀਂ ਬਰਸੀ

ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਮਾਲਟਨ ਵਿਖੇ

3 ਫਰਵਰੀ 2019 ਦਿਨ ਐਂਤਵਾਰ ਨੂੰ

1 ਫਰਵਰੀ ਦਿਨ ਸ਼ੁਕਰਵਾਰ ਨੂੰ ਸੁਬੇਰੇ 10.30 ਆਰੰਭ ਸ੍ਰੀ ਅਖੰਡ ਪਾਠ

3 ਫਰਵਰੀ ਦਿਨ ਐਂਤਵਾਰ : ਭੋਗ ਸ੍ਰੀ ਅਖੰਡ ਪਾਠ ਸੁਬੇਰੇ 10.30 ਵਜੇ


: ਕੀਰਤਨ ਕਥਾ ਅਤੇ ਢਾਡੀ ਵਾਰਾਂ ਇੱਕ ਵਜੇ ਤੱਕ

ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਨਿਮਰਤਾ ਸਹਿਤ ਬੇਨਤੀ ਹੈ ਕਿ ਮਹਾਂਪੁਰਖਾ ਦੇ ਕੀਤੇ ਪਰੋਪਕਾਰਾਂ ਨੂੰ ਵਿਚਾਰਨ ਹਿਤ ਸਮੇਂ ਸਿਰ ਪਹੁੰਚਕੇ ਧੰਨਵਾਦੀ ਬਣਾਓ ਜੀ।

ਸਤਿਕਾਰਯੋਗ ਗੁਰੂ ਪਿਆਰਿਓ,

ਸੰਤ ਬਾਬਾ ਅਤਰ ਸਿੰਘ ਜੀ ਮਹਾਰਾਜ ਵੀਹਵੀਂ ਸਦੀ ਦੇ ਅਜਿਹੇ ਅਵਤਾਰੀ ਮਹਾਂਪੁਰਸ਼ ਸਨ ਜਿਨਾਂ ਨੇ ਰੂਹਾਨੀ ਜਗਤ ਦੀਆਂ ਬੁਲੰਦੀਆਂ ਨੂੰ ਛੂਹਿਆ। ਆਪ ਜੀ ਦੇ ਪੰਜ ਭੂਤਕ ਸ਼ਰੀਰ ਵਿੱਚੋਂ ਸਾਕਸ਼ਾਤ ਪਰਮੇਸ਼ਰ ਦੇ ਦਰਸ਼ਨ ਹੁੰਦੇ ਸਨ। ਬਾਲ ਅਵਸਥਾ ਤੋਂ ਹੀ ਖੰਡੇ ਬਾਟੇ ਦਾ ਅੰਮ੍ਰਿਤ ਪਾਨ ਕਰਕੇ, ਗੁਰਮਤਿ ਅਨੁਸਾਰ ਨਾਮ ਸਿਮਰਨ ਦੀ ਕਰੜੀ ਘਾਲਣਾ ਘਾਲੀ ਅਤੇ ਸੁਰਤਿ ਨੂੰ ਸਦਾ ਪ੍ਰਭੂ ਚਰਨਾਂ ਨਾਲ ਜੋੜੀ ਰੱਖਿਆ। ਦੇਸ਼ ਵਿੱਚ ਰਟਨ ਕਰਕੇ ਗੁਰਬਾਣੀ, ਗੁਰਮਤਿ ਅਤੇ ਗੁਰੂ ਇਤਿਹਾਸ ਦਾ ਸੰਦੇਸ਼ ਘਰ ਘਰ ਪਹੁੰਚਾਇਆ। ਚਾਰ ਸੌ ਦੇ ਕਰੀਬ ਗੁਰਦਵਾਰਿਆਂ, ਸਕੂਲਾਂ, ਕਾਲਜਾਂ ਦੀ ਸਥਾਪਨਾ ਕੀਤੀ। ਕਰੀਬ ੧੪ ਲੱਖ ਤੋਂ ਵੱਧ ਜੀਵਾਂ ਨੂੰ ਅੰਮ੍ਰਿਤ ਛਕਾ ਕੇ ਸਿੱਖੀ ਕੇਸਾਂ ਸਵਾਸਾਂ ਨਾਲ ਨਿਭੌਣ ਦੀ ਪ੍ਰੇਰਣਾ ਦਿੱਤੀ। ਸਾਰੇ ਦੇਸ਼ ਦਾ ਭਰਮਣ ਕਰਕੇ ਗਰਕ ਰਹੀ ਸਿੱਖੀ ਨੂੰ ਮੁੜ ਸੁਰਜੀਤ ਕੀਤਾ। ਆਪ ਜੀ ਨੇ ਗੁਰਮਤਿ ਅਨੁਸਾਰ ਜੀਵਨ ਜਾਂਚ ਅਪਨਾ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦੱਸੇ ਪੂਰਨ-ਪੁਰਖ, ਸੰਤ-ਪਦ, ਬ੍ਰਹਮਗਿਆਨੀ, ਸਾਧੂ, ਭਗਤ, ਆਦਿ ਗੌਰਵਪੂਰਣ ਸ਼ਬਦਾਂ ਨੂੰ ਸਾਕਾਰ ਕੀਤਾ।

( ਬੇਨਤੀ ਕਰਤਾ : ਜਗਤਾਰ ਸਿੰਘ ਮਾਨ )



# ਕੈਸ਼ਬੈਕ ਦੀ ਆੜ ਵਿੱਚ ਡਾਟਾ ਚੋਰੀ ਕਰਦੀਆਂ ਹਨ ਕੰਪਨੀਆਂ

ਨਵੀਂ ਦਿੱਲੀ, 29 ਜਨਵਰੀ (ਪੋਸਟ ਬਿਊਰੋ)- ਸਿਰਫ 20 ਰੁਪਏ ਦੀ ਖਰੀਦ ਉੱਤੇ 10 ਰੁਪਏ ਕੈਸ਼ਬੈਕ, ਬਿੱਲ ਦੀ ਫੋਟੋ ਉੱਤੇ ਕੈਸ਼ਬੈਕ, ਸ਼ਾਪਿੰਗ ਉੱਤੇ ਵੱਡਾ ਕੈਸ਼ਬੈਕ, ਬਾਜ਼ਾਰ ਵਿੱਚ ਅਜਿਹੇ ਆਫਰ ਮਿਲਦੇ ਹਨ, ਪਰ ਲੋਕਾਂ ਨੂੰ ਪਤਾ ਨਹੀਂ ਕਿ ਇਸ ਕੈਸ਼ਬੈਕ ਦੀ ਆੜ ਵਿੱਚ ਕੰਪਨੀਆਂ ਉਨ੍ਹਾਂ ਦਾ ਡਾਟਾ ਚੋਰੀ ਕਰ ਰਹੀਆਂ ਹਨ।





ਭਾਰਤੀ ਰਿਜ਼ਰਵ ਬੈਂਕ ਦੇ ਅੰਕੜੇ ਦੱਸਦੇ ਹਨ ਕਿ ਬੀਤੇ ਕੁਝ ਸਮੇਂ ਵਿੱਚ ਸਾਈਬਰ ਫਰਾਡ ਕੇਸਾਂ ਵਿੱਚ ਜ਼ੋਰਦਾਰ ਵਾਧਾ ਹੋਇਆ ਹੈ ਅਤੇ ਇਸ ਦੇ ਹੋਰ ਵੀ ਵਧਣ ਦਾ ਸ਼ੱਕ ਪ੍ਰਗਟਾਇਆ ਜਾ ਰਿਹਾ ਹੈ। ਪਿਛਲੇ ਇੱਕ ਸਾਲ ਵਿੱਚ ਠੱਗਾਂ ਨੇ ਦੁੱਗਣੀ ਤੋਂ ਵੱਧ ਰਕਮ ਦਾ ਚੂਨਾ ਲਾਇਆ ਹੈ। ਕੈਸ਼ਬੈਕ ਦਾ ਲਾਭ ਲੈਣ ਲਈ ਮੋਬਾਈਲ ਐਪਲੀਕੇਸ਼ਨ ਦੀ ਵਰਤੋਂ ਸਭ ਤੋਂ ਜ਼ਰੂਰੀ ਹੁੰਦੀ ਹੈ। ਇਸ ਨੂੰ ਮੋਬਾਈਲ ਵਿੱਚ ਇੰਸਟਾਲ ਕਰਨ ਪਿੱਛੋਂ ਆਫਰ ਨਾਲ ਜੁੜਿਆ ਜਾ ਸਕਦਾ ਹੈ। ਐਪਲੀਕੇਸ਼ਨ ਇੰਸਟਾਲ ਕਰਨ ਵੇਲੇ ਕਈ ਐਪਸ ਅਜਿਹੇ ਹਨ, ਜੋ ਗੈਰ-ਜ਼ਰੂਰੀ ਖੁੱਲ੍ਹ ਲੈ ਕੇ ਮੋਬਾਈਲ ਵਿੱਚੋਂ ਨਾ ਸਿਰਫ ਡਾਟਾ ਚੋਰੀ ਕਰਦੇ ਹਨ, ਸਗੋਂ ਜ਼ਰੂਰੀ ਮਾਇਕ ਜਾਣਕਾਰੀਆਂ ਨਾਲ ਫਰਾਡ ਵੀ ਕਰ ਲੈਂਦੇ ਹਨ। ਇਹ ਮੋਬਾਈਲ ਐਪਸ ਕਾਲ, ਐੱਸ ਐੱਮ ਐੱਸ, ਇਕੱਠੇ ਦੂਜੇ ਮੋਬਾਈਲ ਐਪਲੀਕੇਸ਼ਨ ਦਾ ਐਕਸੈੱਸ, ਫੋਟੋ ਗੈਲਰੀ, ਕੈਮਰਾ ਅਤੇ ਜੀ ਪੀ ਐੱਸ ਵਰਗੀ ਖੁੱਲ੍ਹ ਮੰਗਦੇ ਹਨ। ਕਈ ਕੇਸਾਂ ਵਿੱਚ ਐਪਸ ਉਹ ਜਾਣਕਾਰੀ ਵੀ ਮੰਗਦੇ ਹਨ, ਜਿਸ ਦੀ ਜ਼ਰੂਰਤ ਨਹੀਂ ਹੁੰਦੀ। ਅਜਿਹੇ ਵਿੱਚ ਜੇ ਕਿਸੇ ਕੈਸ਼ਬੈਕ ਕੰਪਨੀ ਦੇ ਮੋਬਾਈਲ ਐਪਲੀਕੇਸ਼ਨ ਨੇ ਬੈਂਕਿੰਗ ਐਪਲੀਕੇਸ਼ਨ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ ਹੋਵੇ ਤਾਂ ਬੜਾ ਨੁਕਸਾਨ ਪਹੁੰਚ ਸਕਦਾ ਹੈ। ਮੋਬਾਈਲ ਐਪ ਇਸ਼ਤਿਹਾਰ ਰਾਹੀਂ ਕਮਾਈ ਕਰਦੇ ਹਨ। ਉਸ ਰਕਮ ਵਿੱਚੋਂ ਗਾਹਕ ਨੂੰ ਕੈਸ਼ਬੈਕ ਦਿੱਤਾ ਜਾਂਦਾ ਹੈ ਅਤੇ ਇਹ ਐਪ ਆਪਣੇ ਨਾਲ ਵੱਧ ਤੋਂ ਵੱਧ ਲੋਕਾਂ ਨੂੰ ਜੋੜਨ ਲੱਗੇ ਰਹਿੰਦੇ ਹਨ। ਇਸ ਦੇ ਨਾਲ ਜੁੜੇ ਲੋਕਾਂ ਦਾ ਮੰਨਣਾ ਹੈ ਕਿ ਇਸ ਬਾਜ਼ਾਰ ਵਿੱਚ ਜਿਸ ਕੋਲ ਜਿੰਨਾ ਵੱਡਾ ਕਲਾਈਂਟ ਬੇਸ ਹੋਵੇਗਾ, ਉਸ ਦੀ ਓਨੀ ਕੀਮਤ ਹੋਵੇਗੀ। ਮਾਹਰਾਂ ਮੁਤਾਬਕ ਕਲਾਈਂਟ ਬੇਸ ਵਧਾਉਣ ਲਈ ਇਨ੍ਹਾਂ ਲੁਭਾਵਣੇ ਆਫਰਜ਼ ਦੀ ਭਰਮਾਰ ਹੁੰਦੀ ਰਹਿੰਦੀ ਹੈ।

ਇਸ ਸੰਬੰਧ ਵਿੱਚ ਬੈਂਕਾਂ ਅਤੇ ਵਿੱਤੀ ਲੈਣ-ਦੇਣ ਨਾਲ ਜੁੜੀਆਂ ਵੱਡੀਆਂ ਈ-ਕਾਮਰਸ ਕੰਪਨੀਆਂ ਨਾਲ ਕੰਮ ਕਰ ਰਹੀ ਕੰਪਨੀ 'ਲਿਉਸਿਡੀਅਸ' ਦੇ ਅਧਿਕਾਰੀ ਰਾਹੁਲ ਤਿਆਗੀ ਦਾ ਕਹਿਣਾ ਹੈ ਕਿ ਕਿਸੇ ਵੱਡੀ ਕੰਪਨੀ ਦੇ ਵਿਸ਼ੇਸ਼ ਐਪਸ ਦੇ ਵਧਦੇ ਕਲਾਈਂਟ ਬੇਸ ਦੇ ਆਧਾਰ ਉਤੇ ਉਸ ਨਾਲ ਮਿਲਦੇ ਜੁਲਦੇ ਨਾਂਅ ਦੇ ਐਪ ਬਾਜ਼ਾਰ ਵਿੱਚ ਆ ਜਾਂਦੇ ਹਨ, ਜਿਹੜੇ ਥੋੜ੍ਹੇ ਸਮੇਂ ਲਈ ਵੱਡੇ ਆਫਰਜ਼ ਦੇ ਕੇ ਲੋਕਾਂ ਨਾਲ ਫਰਾਡ ਕਰ ਜਾਂਦੇ ਹਨ।

PLATINUM MORTGAGES
FOR ALL MORTGAGE NEEDS

QUICK MORTGAGE ARRANGEMENT
2ND MORTGAGE
- NO CREDIT CHECK
- NO APPLICATION FEE
- NO JOB INCOME VERIFICATION
- NO PROBLEM

1ST MORTGAGE Starting from 2.59 % OAC

SPECIAL RATES FOR REFINANCING
Professional & Quality Service Guaranteed



Kanwaljit S. Dhunna
Mortgage broker
416.301.1976
Email: kdhunna62@gmail.com
Lic # 11992 FSCO # M08002472

- 1st & 2nd Mortgages
- Refinancing & Renewal
- Line of Credit
- Debt Consolidation
- Self Employed
- Truck Loan
- Equipment Leasing
- Bad Credit

5 CHERRYCREST DR. #206 BRAMPTON L6P 3W4

FIRST CHOICE FINANCIAL LIMITED
TRUCK LOANS

ਟੱਰਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ

ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing

- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada

For more Information Contact
Rajdeep: 647.707.4167
Office: 905.678.2424

◆ Insurance ◆

Punjab Insurance Inc

- Super Visa Insurance
- Life Insurance
- Disability Insurance
- Critical illness Insurance
- Mortgage Insurance
- RRSP (Retirement Plan)
- RESP (Education Plan)
- Visitor Insurance
- Health and Dental Plans..
- Travel Insurance
- Segregated Funds, TFSA



Harpinder Kaur
Insurance Advisor
416.452.7373
harpinderkaur@punjabinsurance.ca
www.punjabinsurance.ca

UPPAL LAW
FREE CONSULTATION !
Avtar Uppal Manager
Aman Uppal BARRISTER, SOLICITOR

IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)

OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)

Prices are subject to Taxes, do not include Government fees and service by appointment only.
Offer valid until 9/30/201

Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6



## ਲੰਡਨ ਵਿਖੇ ਭਾਰਤੀ ਦੂਤਘਰ ਅੱਗੇ ਤਿਰੰਗਾ ਸਾੜਨ ਦੀ ਘਟਨਾ 'ਤੇ ਬ੍ਰਿਟੇਨ ਸਰਕਾਰ ਨੇ ਦੁੱਖ ਪ੍ਰਗਟਾਇਆ

ਲੰਡਨ, 29 ਜਨਵਰੀ (ਪੋਸਟ ਬਿਊਰੋ)- ਭਾਰਤੀ ਗਣਤੰਤਰ ਦਿਵਸ ਮੌਕੇ ਲੰਡਨ ਦੇ ਭਾਰਤੀ ਦੂਤਘਰ ਅੱਗੇ ਪ੍ਰਦਰਸ਼ਨ ਕਰਦੇ ਲੋਕਾਂ ਵੱਲੋਂ ਭਾਰਤ ਦੇ ਝੰਡੇ ਨੂੰ ਸਾੜਨ 'ਤੇ ਬ੍ਰਿਟੇਨ ਸਰਕਾਰ ਨੇ ਅਫਸੋਸ ਦਾ ਪ੍ਰਗਟਾਵਾ ਕੀਤਾ ਹੈ।
ਵਿਦੇਸ਼ੀ ਤੇ ਕਾਮਨਵੈੱਲਥ ਦਫਤਰ ਨੇ ਕਿਹਾ ਕਿ ਪ੍ਰਦਰਸ਼ਨਕਾਰੀਆਂ ਵੱਲੋਂ ਕੀਤੀ ਇਹ ਕਾਰਵਾਈ ਨਿਰਾਸ਼ਾ ਜਨਕ ਹੈ। ਸਕਾਟਲੈਂਡ ਯਾਰਡ ਨੇ ਵੀ ਪੁਸ਼ਟੀ ਕੀਤੀ ਹੈ ਕਿ ਉਹ ਸ਼ਨਿਚਰਵਾਰ ਨੂੰ ਇਸ ਘਟਨਾ ਦੇ ਦੁਆਲੇ ਦੇ ਸਹੀ ਹਾਲਾਤ ਸਥਾਪਤ ਕਰਨ ਲਈ ਕੰਮ ਕਰ ਰਹੇ ਸਨ। ਐਫ ਸੀ ਓ ਦੇ ਬੁਲਾਰੇ ਨੇ ਕਿਹਾ ਕਿ ਅਸੀਂ ਇਸ ਗੱਲ ਤੋਂ ਨਿਰਾਸ਼ ਹਾਂ। ਉਨ੍ਹਾਂ ਕਿਹਾ ਕਿ ਇਸ ਘਟਨਾ ਦੀ ਅਜੇ ਅਧਿਕਾਰਤ ਤੌਰ 'ਤੇ ਸ਼ਿਕਾਇਤ ਨਹੀਂ ਮਿਲੀ, ਪਰ ਪੁਲਸ ਵੱਲੋਂ ਸੋਸ਼ਲ ਮੀਡੀਆ 'ਤੇ ਵਾਇਰਲ ਹੋਈਆਂ ਵੀਡੀਓਜ਼ ਦੀ ਜਾਂਚ ਕੀਤੀ ਜਾ ਰਹੀ ਹੈ। ਬੁਲਾਰੇ ਨੇ ਕਿਹਾ ਕਿ ਸ਼ਾਂਤਮਈ ਪ੍ਰਦਰਸ਼ਨ ਦੀ ਹਰ ਇਕ ਨੂੰ ਇਜਾਜ਼ਤ ਹੈ, ਪਰ ਹਿੰਸਾ ਬਰਦਾਸ਼ਤ ਨਹੀਂ ਹੋਵੇਗੀ। ਵਿਦੇਸ਼ ਮੰਤਰਾਲੇ ਨੇ ਭਾਰਤ ਸਰਕਾਰ ਨੂੰ ਗਣਤੰਤਰ ਦਿਵਸ ਦੀ ਵਧਾਈ ਦਿੰਦੇ ਹੋਏ ਕਿਹਾ ਕਿ ਅਸੀਂ ਭਾਰਤ ਨਾਲ ਆਪਣੇ ਰਿਸ਼ਤੇ ਹੋਰ ਮਜ਼ਬੂਤ ਕਰਨ ਦੀ ਉਮੀਦ ਕਰਦੇ ਹਾਂ।
ਬ੍ਰਿਟਿਸ਼ ਸਿੱਖ ਤੇ ਕਸ਼ਮੀਰੀ ਜਥੇਬੰਦੀਆਂ ਦੇ ਕਾਰਕੁੰਨਾਂ ਦੇ ਇਕ ਗਰੁੱਪ ਨੇ ਸ਼ਨਿਚਰਵਾਰ ਨੂੰ ਸੈਂਟਰਲ ਲੰਡਨ 'ਚ ਇੰਡੀਆ ਹਾਊਸ ਦੇ ਅੱਗੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖਿਲਾਫ ਬੈਨਰ ਲਹਿਰਾਏ ਅਤੇ ਭਾਰਤ ਵਿਰੋਧੀ ਨਾਅਰੇ ਲਾਏ ਸਨ। ਭਾਰਤੀ ਅਧਿਕਾਰੀਆਂ ਨੇ ਪੁਸ਼ਟੀ ਕੀਤੀ ਹੈ ਕਿ ਮੈਟਰੋਪੋਲੀਟਨ ਪੁਲਸ ਨੂੰ ਯੋਜਨਾਬੱਧ ਪ੍ਰਦਰਸ਼ਨ ਬਾਰੇ ਦੱਸਿਆ ਗਿਆ ਸੀ, ਜਿਸ ਦੌਰਾਨ ਕੁਝ ਲੋਕਾਂ ਨੇ ਭਾਰਤੀ ਝੰਡੇ ਨੂੰ ਅੱਗ ਲਾਈ ਅਤੇ ਇਹ ਘਟਨਾ ਕੈਮਰੇ 'ਚ ਕੈਦ ਕੀਤੀ ਗਈ ਹੈ।

## ਕਮਲਾ ਹੈਰਿਸ ਨੇ ਟਰੰਪ ਦੀਆਂ ਨੀਤੀਆਂ ਦੀ ਸਖਤ ਆਲੋਚਨਾ ਨਾਲ ਚੋਣ ਮੁਹਿੰਮ ਸ਼ੁਰੂ ਕੀਤੀ

ਵਾਸ਼ਿੰਗਟਨ, 29 ਜਨਵਰੀ (ਪੋਸਟ ਬਿਊਰੋ)- ਭਾਰਤੀ ਮੂਲ ਦੀ ਸੈਨੇਟਰ ਕਮਲਾ ਹੈਰਿਸ ਨੇ ਅਮਰੀਕਾ ਦੇ ਰਾਸ਼ਟਰਪਤੀ ਅਹੁਦੇ ਦੀ ਚੋਣ ਵਿੱਚ ਡੈਮੋਕ੍ਰੇਟਿਕ ਪਾਰਟੀ ਦੀ ਉਮੀਦਵਾਰ ਬਣਨ ਲਈ ਆਪਣੀ ਪ੍ਰਚਾਰ ਮੁਹਿੰਮ ਸ਼ੁਰੂ ਕਰਨ ਦੇ ਵਕਤ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਨੀਤੀਆਂ ਦੀ ਕਾਫੀ ਆਲੋਚਨਾ ਕੀਤੀ ਅਤੇ ਦੋਸ਼ ਲਾਇਆ ਕਿ ਅਮਰੀਕੀ ਲੋਕਤੰਤਰ 'ਤੇ ਇਸ ਤੋਂ ਪਹਿਲਾਂ ਕਦੇ ਵੀ ਇਸ ਤਰ੍ਹਾਂ ਦਾ ਹਮਲਾ ਨਹੀਂ ਸੀ ਹੋਇਆ।
ਸਾਲ 2016 ਵਿੱਚ ਸੈਨੇਟ ਵਿੱਚ ਚੁਣੀ ਗਈ ਕਮਲਾ ਹੈਰਿਸ ਨੇ ਰਾਸ਼ਟਰਪਤੀ ਅਹੁਦੇ ਦੀ ਚੋਣ ਲਈ ਡੈਮੋਕ੍ਰੇਟਿਕ ਪਾਰਟੀ ਦੀ ਉਮੀਦਵਾਰ ਬਣਨ ਦੀ ਆਪਣੀ ਦਾਅਵੇਦਾਰੀ ਦਾ ਐਲਾਨ ਬੀਤੇ ਹਫਤੇ ਕੀਤਾ ਸੀ। ਉਨ੍ਹਾਂ ਨੂੰ ਨਵੰਬਰ 2020 ਵਿੱਚ ਹੋਣ ਵਾਲਿਆਂ ਚੋਣਾਂ ਵਿੱਚ ਟਰੰਪ ਨੂੰ ਹਰਾਉਣ ਦੇ ਇਛੁੱਕ ਨੇਤਾਵਾਂ ਦੀ ਸੂਚੀ ਵਿੱਚ ਸਭ ਤੋਂ ਜ਼ਿਆਦਾ ਵੋਟਾਂ ਮਿਲੀਆਂ ਹਨ। ਕਮਲਾ ਹੈਰਿਸ ਨੇ ਕਿਹਾ ਕਿ ਅਸੀਂ ਆਪਣੇ ਦੇਸ਼ ਦੇ ਇਤਿਹਾਸ ਵਿੱਚ ਇਕ ਨਵੇਂ ਮੋੜ 'ਤੇ ਹਾਂ। ਅਸੀਂ ਇਥੇ ਇਸ ਲਈ ਹਾਂ ਕਿ ਅਮਰੀਕੀ ਸੁਪਨਿਆਂ ਅਤੇ ਅਮਰੀਕੀ ਲੋਕਤੰਤਰ 'ਤੇ ਇਸ ਤਰ੍ਹਾਂ ਪਹਿਲਾਂ ਕਦੇ ਹਮਲਾ ਨਹੀਂ ਹੋਇਆ। ਉਨ੍ਹਾਂ ਨੇ ਟਰੰਪ ਦਾ ਨਾਂਅ ਲਏ ਬਿਨਾਂ ਕਿਹਾ ਕਿ ਉਹ ਸਾਡਾ ਅਮਰੀਕਾ ਨਹੀਂ ਹੈ, ਜਿਥੇ ਸਾਡੇ ਨੇਤਾ ਸੁਤੰਤਰ ਪ੍ਰੈਸ ਅਤੇ ਸਾਡੀ ਲੋਕਤੰਤਰਿਕ ਸੰਸਥਾਵਾਂ ਉੱਤੇ ਹਮਲਾ ਕਰਦੇ ਹਨ। ਹੈਰਿਸ ਨੇ ਕਿਹਾ ਕਿ ਅਮਰੀਕੀਆਂ ਨੂੰ ਨਸਲਵਾਦ, ਲਿੰਗ ਭੇਦਭਾਵ, ਯਹੂਦੀ ਵਿਰੋਧਵਾਦ ਅਤੇ ਦੇਸ਼ ਦੀਆਂ ਹੋਰ ਸਮੱਸਿਆਵਾਂ ਬਾਰੇ ਇਮਾਨਦਾਰ ਬਣਨ ਦੀ ਜ਼ਰੂਰਤ ਹੈ।



ਕਮਲਾ ਹੈਰਿਸ ਨੇ ਆਪਣੇ ਨਗਰ ਓਕਲੈਂਡ ਵਿੱਚ ਸ਼ੁਰੂ ਕੀਤੀ ਆਪਣੀ ਪ੍ਰਚਾਰ ਮੁਹਿੰਮ ਦੌਰਾਨ 20 ਹਜ਼ਾਰ ਲੋਕਾਂ ਸਾਹਮਣੇ ਲਗਭਗ 30 ਮਿੰਟ ਪ੍ਰਭਾਵਸ਼ਾਲੀ ਭਾਸ਼ਣ ਦਿੱਤਾ। 54 ਸਾਲਾ ਕਮਲਾ ਹੈਰਿਸ ਨੇ ਕਿਹਾ ਕਿ ਮੇਰੀ ਮਾਂ ਕਹਿੰਦੀ ਹੁੰਦੀ ਸੀ ਕਿ ਹੱਥ 'ਤੇ ਹੱਥ ਧਰ ਕੇ ਬੈਠਣ ਜਾਂ ਸ਼ਿਕਾਇਤ ਕਰਨ ਨਾਲ ਕੁਝ ਨਹੀਂ ਹੋਣਾ, ਇਸ ਲਈ ਕੁਝ ਕਰੋ। ਵਰਣਨ ਯੋਗ ਹੈ ਕਿ ਹਾਲੇ ਤੱਕ ਡੈਮੋਕ੍ਰੇਟਿਕ ਪਾਰਟੀ ਦੀਆਂ ਚਾਰ ਔਰਤਾਂ ਨੇ ਰਾਸ਼ਟਰਪਤੀ ਅਹੁਦੇ ਦੀ ਚੋਣ ਵਿੱਚ ਉਮੀਦਵਾਰ ਬਣਨ ਲਈ ਦਾਅਵੇਦਾਰੀ ਪੇਸ਼ ਕੀਤੀ ਹੈ।

## ਆਸੀਆ ਬੀਬੀ ਦਾ ਕੇਸ ਲੜਨ ਲਈ ਉਸ ਦਾ ਵਕੀਲ ਦੇਸ ਮੁੜਿਆ

ਇਸਲਾਮਾਬਾਦ, 29 ਜਨਵਰੀ (ਪੋਸਟ ਬਿਊਰੋ)- ਪਾਕਿਸਤਾਨ ਵਿਚ ਧਰਮ ਨਿੰਦਾ ਦੀ ਦੋਸ਼ੀ ਇਸਾਈ ਔਰਤ ਦਾ ਕੇਸ ਲੜਨ ਲਈ ਮੌਤ ਦੀਆਂ ਧਮਕੀਆਂ ਤੋਂ ਪਿੱਛੋਂ ਨੀਦਰਲੈਂਡ ਚਲੇ ਗਏ ਵਕੀਲ ਫਿਰ ਆਪਣੇ ਦੇਸ਼ ਮੁੜ ਆਏ ਹਨ।
ਐਕਸਪ੍ਰੈਸ ਟ੍ਰਿਬਿਊਨ ਦੀ ਇਸ ਖਬਰ ਮੁਤਾਬਕ ਸੈਫੁਲ ਮਲੂਕ ਸੁਪਰੀਮ ਕੋਰਟ ਦੀ 29 ਜਨਵਰੀ ਨੂੰ ਹੋਣ ਵਾਲੀ ਸੁਣਵਾਈ ਤੋਂ ਪਹਿਲਾਂ ਦੇਸ਼ ਮੁੜ ਆਏ। ਸੁਪਰੀਮ ਕੋਰਟ 29 ਜਨਵਰੀ ਨੂੰ ਤੈਅ ਕਰੇਗੀ ਕਿ ਧਰਮ ਨਿੰਦਾ ਵਾਲੇ ਕੇਸ ਵਿਚ ਆਸੀਆ ਬੀਬੀ ਨੂੰ ਬਰੀ ਕਰਨ ਦੇ ਖਿਲਾਫ ਦਾਇਰ ਅਪੀਲ ਉਤੇ ਉਹ ਸੁਣਵਾਈ ਕਰੇ ਜਾਂ ਨਹੀਂ। ਸੁਰੱਖਿਆ ਕਾਰਨਾਂ ਦੇ ਚੱਲਦੇ ਸੈਫੁਲ ਮਲੂਕ ਪਿਛਲੇ ਸਾਲ ਨੀਦਰਲੈਂਡ ਚਲੇ ਗਏ ਸਨ, ਜਦੋਂ ਬੀਬੀ ਨੂੰ ਬਰੀ ਕੀਤੇ ਜਾਣ ਨਾਲ ਹਿੰਸਾ ਭੜਕ ਉਠੀ ਸੀ। ਦੇਸ਼ ਪਰਤਣ 'ਤੇ ਉਨ੍ਹਾਂ ਨੇ ਦੱਸਿਆ ਕਿ ਉਹ ਸੁਪਰੀਮ ਕੋਰਟ ਵਿਚ ਬੀਬੀ ਦਾ ਪੱਖ ਰੱਖਣਗੇ। ਉਨ੍ਹਾਂ ਨੇ ਕਿਹਾ ਕਿ ਮੈਂ ਸਾਫ ਕਰਨਾ ਚਾਹੁੰਦਾ ਹਾਂ ਕਿ ਮੈਂ ਪੱਕੇ ਤੌਰ 'ਤੇ ਪਾਕਿਸਤਾਨ ਵਿਚ ਹੀ ਰਹਿਣਾ ਚਾਹੁੰਦਾ ਹਾਂ, ਪਰ ਸੁਰੱਖਿਆ ਚਿੰਤਾਵਾਂ ਅਜੇ ਕਾਇਮ ਹਨ। ਮਲੂਕ ਨੇ ਉਨ੍ਹਾਂ ਨੂੰ ਮਿਲੀਆਂ ਧਮਕੀਆਂ ਕਾਰਨ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਸੁਰੱਖਿਆ ਦੇਣ ਦੀ ਵੀ ਅਪੀਲ ਕੀਤੀ ਹੈ।

## ਜੰਗਲ ਵਿਚ ਲਾਪਤਾ ਹੋਇਆ ਬੱਚਾ ਦੋ ਦਿਨ ਰਿੱਛ ਨਾਲ ਰਿਹਾ

ਵਾਸ਼ਿੰਗਟਨ, 29 ਜਨਵਰੀ (ਪੋਸਟ ਬਿਊਰੋ)- ਅਮਰੀਕਾ ਦੇ ਸੂਬੇ ਉੱਤਰੀ ਕੈਰੋਲੀਨਾ ਵਿੱਚ ਤਿੰਨ ਸਾਲ ਦਾ ਬੱਚਾ ਜੰਗਲ ਵਿਚ ਲਾਪਤਾ ਹੋ ਗਿਆ। ਇੱਕ ਅੰਗਰੇਜ਼ੀ ਅਖਬਾਰ ਦੀ ਖਬਰ ਮੁਤਾਬਕ ਦੋ ਦਿਨ ਦੀ ਭਾਲ ਮਗਰੋਂ ਬੱਚਾ ਸਹੀ ਸਲਾਮਤ ਮਿਲ ਗਿਆ। ਬੱਚੇ ਨੇ ਜੰਗਲ ਵਿੱਚ ਜਾਨ ਬਚਣ ਦੀ ਜਿਹੜੀ ਕਹਾਣੀ ਸੁਣਾਈ ਉਹ ਹੈਰਾਨ ਕਰਨ ਵਾਲੀ ਹੈ।
ਬੱਚਾ 22 ਜਨਵਰੀ ਨੂੰ ਲਾਪਤਾ ਹੋਇਆ ਸੀ ਤੇ 24 ਜਨਵਰੀ ਨੂੰ ਮਿਲਿਆ। ਤਿੰਨ ਸਾਲਾ ਕੇਸੀ ਹੈਥਵੇ ਨੇ ਦੱਸਿਆ ਕਿ ਜੰਗਲ ਵਿਚ ਉਸ ਦੀ ਦੇਖਭਾਲ ਇੱਕ ਭਾਲੂ ਨੇ ਕੀਤੀ। ਮੈਡੀਕਲ ਜਾਂਚ ਦੇ ਬਾਅਦ ਡਾਕਟਰਾਂ ਨੇ ਦੱਸਿਆ ਕਿ ਮਾਮੂਲੀ ਸੱਟਾਂ ਦੇ ਇਲਾਵਾ ਬੱਚੇ ਨੂੰ ਕੋਈ ਨੁਕਸਾਨ ਨਹੀਂ ਪਹੁੰਚਿਆ। ਕੇਸੀ ਨੂੰ ਲੱਭਣ ਲਈ ਪੁਲਸ ਹੈਲੀਕਾਪਟਰ ਨਾਲ ਖੋਜ ਮੁਹਿੰਮ ਚਲਾਈ ਗਈ ਸੀ, ਪਰ ਕੇਸੀ ਦੀ ਕੋਈ ਖਬਰ ਨਾ ਮਿਲਣ ਕਾਰਨ ਅਤੇ ਘੱਟ ਤਾਪਮਾਨ ਮੀਂਹ ਤੇ ਭਿਆਨਕ ਠੰਢ ਕਾਰਨ ਪਰਵਾਰ ਚਿੰਤਾ ਵਿੱਚ ਸੀ। ਸਥਾਨਕ ਲੋਕਾਂ ਨੇ ਵੀ ਇਸ ਮੁਹਿੰਮ ਵਿੱਚ ਆਪਣੇ ਵੱਲੋਂ ਮਦਦ ਦਿੱਤੀ। ਟੀਮ ਦਾ ਹਿੱਸਾ ਰਹੀ ਲੀਜ਼ਾ ਫ੍ਰੈਕਰ ਨੇ ਆਪਣੇ ਘਰ ਨੇੜੇ ਕਿਸੇ ਬੱਚੇ ਦੇ ਰੋਣ ਦੀ ਆਵਾਜ਼ ਸੁਣੀ ਤਾਂ ਸਾਵਧਾਨੀ ਨਾਲ ਖੋਜ ਟੀਮ ਅਤੇ ਐਂਬੂਲੈਂਸ ਨੂੰ ਇਸ ਦੀ ਸੂਚਨਾ ਦਿੱਤੀ। ਮੌਕੇ 'ਤੇ ਪਹੁੰਚੀ ਖੋਜ ਟੀਮ ਨੇ ਪਾਇਆ ਕਿ ਕੇਸੀ ਝਾੜੀਆਂ ਵਿੱਚ ਘਬਰਾਇਆ ਹੋਇਆ ਸੀ। ਖੋਜ ਟੀਮ ਦਾ ਕਹਿਣਾ ਹੈ ਕਿ ਮਾਮੂਲੀ ਜ਼ਖਮਾਂ ਦੇ ਇਲਾਵਾ ਉਸ ਨੂੰ ਕੋਈ ਨੁਕਸਾਨ ਨਹੀਂ ਹੋਇਆ। ਡਾਕਟਰਾਂ ਦਾ ਕਹਿਣਾ ਹੈ ਕਿ ਠੰਢ ਕਾਰਨ ਕੇਸੀ ਥੋੜ੍ਹਾ ਕਮਜ਼ੋਰ ਹੋ ਗਿਆ ਹੈ, ਪਰ ਸਹੀ ਦੇਖਭਾਲ ਅਤੇ ਖੁਰਾਕ ਨਾਲ ਜਲਦੀ ਠੀਕ ਹੋ ਜਾਵੇਗਾ।

## ਪਾਇਲਟ ਦੀ ਗਲਤੀ ਨਾਲ ਹੋਇਆ ਸੀ ਨੇਪਾਲ ਜਹਾਜ਼ ਹਾਦਸਾ

ਕਾਠਮੰਡੂ, 29 ਜਨਵਰੀ (ਪੋਸਟ ਬਿਊਰੋ)- ਨੇਪਾਲ ਵਿੱਚ ਮਾਰਚ 2018 ਵਿੱਚ ਹੋਏ ਭਿਆਨਕ ਜਹਾਜ਼ ਹਾਦਸੇ ਦੀ ਜਾਂਚ ਰਿਪੋਰਟ ਵਿੱਚ ਹੈਰਾਨ ਕਰਨ ਵਾਲੀ ਗੱਲ ਨਿਕਲੀ ਹੈ। ਰਿਪੋਰਟ ਮੁਤਾਬਕ ਜਹਾਜ਼ ਦਾ ਕਪਤਾਨ ਭਾਵਕ ਰੂਪ ਵਿੱਚ ਉਲਝਣ ਵਿੱਚ ਸੀ ਅਤੇ ਉਡਾਣ ਵੇਲੇ ਉਸ ਦਾ ਧਿਆਨ ਜਹਾਜ਼ ਦੀ ਸਥਿਤੀ 'ਤੇ ਨਹੀਂ ਸੀ।
ਬੰਗਲਾ ਦੇਸ਼ ਦੀ ਰਾਜਧਾਨੀ ਢਾਕਾ ਤੋਂ ਉਡਾਣ ਭਰਨ ਵਾਲਾ ਯੂ ਐੱਸ-ਬੰਗਲਾ ਏਅਰਲਾਈਨਜ਼ ਦਾ ਜਹਾਜ਼ ਓਦੋਂ ਕਾਠਮੰਡੂ ਵਿੱਚ ਲੈਂਡਿੰਗ ਦੇ ਸਮੇਂ ਹਾਦਸੇ ਦਾ ਸ਼ਿਕਾਰ ਹੋ ਗਿਆ ਸੀ ਤੇ ਇਸ ਦੇ ਸਵਾਰ 71 ਵਿੱਚੋਂ 51 ਲੋਕਾਂ ਦੀ ਮੌਤ ਹੋ ਗਈ ਸੀ। ਇਸ ਵਿੱਚ ਦੋਵਾਂ ਪਾਇਲਟਾਂ ਦੀ ਵੀ ਮੌਤ ਹੋ ਗਈ ਸੀ। ਰਿਪੋਰਟ ਦੇ ਮੁਤਾਬਕ ਪਾਇਲਟ ਨੂੰ ਲੱਗਦਾ ਸੀ ਕਿ ਉਹ ਜਹਾਜ਼ ਨੂੰ ਸੰਭਾਲ ਲਵੇਗਾ, ਪਰ ਅਜਿਹਾ ਕਰ ਨਹੀਂ ਸਕਿਆ। ਕਪਤਾਨ ਪਹਿਲਾਂ ਤੋਂ ਤਨਾਅ ਵਿਚ ਸੀ ਅਤੇ ਭਾਵਕ ਰੂਪ ਤੋਂ ਦੁਖੀ ਸੀ। ਉਹ ਇਸ ਗੱਲੋਂ ਪ੍ਰੇਸ਼ਾਨ ਸੀ ਕਿ ਉਸ ਦੀ ਇੱਕ ਮਹਿਲਾ ਸਾਥੀ ਨੇ ਚੰਗੇ ਇੰਸਟ੍ਰਕਚਰ ਵਜੋਂ ਉਸ ਦੀ ਯੋਗਤਾ 'ਤੇ ਸਵਾਲ ਉਠਾਇਆ ਸੀ, ਪਰ ਉਹ ਸਹਿਯੋਗਣ ਉਸ ਸਮੇਂ ਜਹਾਜ਼ ਵਿੱਚ ਨਹੀਂ ਸੀ। ਰਿਕਾਰਡਰ ਤੇ ਯਾਤਰੀਆਂ ਯਾਤਰੀਆਂ ਤੋਂ ਮਿਲੀ ਜਾਣਕਾਰੀ ਮੁਤਾਬਕ ਕਪਤਾਨ ਨੇ ਉਡਾਣ ਦੌਰਾਨ ਹੋਰ ਵੀ ਗਲਤੀਆਂ ਕੀਤੀਆਂ ਸਨ। ਉਹ ਕਾਕਪਿਟ ਵਿਚ ਸਿਗਰਟ ਪੀ ਰਿਹਾ ਸੀ ਅਤੇ ਨਿਯਮਾਂ ਤੋਂ ਉਲਟ ਉਸ ਨੇ ਕਾਕਪਿਟ ਵਿੱਚ 25 ਸਾਲਾ ਮਹਿਲਾ ਫਸਟ ਅਫਸਰ ਨੂੰ ਬਿਠਾਇਆ ਸੀ, ਜਿਸ ਦਾ ਉਡਾਣ ਅਨੁਭਵ 390 ਘੰਟੇ ਤੋਂ ਵੀ ਘੱਟ ਸੀ। ਉਹ ਕਦੇ ਬਤੌਰ ਕਰੂਅ ਕਾਠਮੰਡੂ ਵਿੱਚ ਉਤਰੀ ਵੀ ਨਹੀਂ ਸੀ। ਕਪਤਾਨ ਬੇਵਜ੍ਹਾ ਅਤੇ ਗੈਰ ਪੇਸ਼ੇਵਰ ਗੱਲਬਾਤ ਵਿੱਚ ਵੀ ਉਲਝਿਆ ਹੋਇਆ ਸੀ। ਜਾਂਚਕਾਰਾਂ ਨੇ ਦੱਸਿਆ ਕਿ ਇਨ੍ਹਾਂ ਸਾਰੇ ਕਾਰਨਾਂ ਨੇ ਮਿਲ ਕੇ ਇਸ ਹਾਦਸੇ ਦੀ ਭੂਮਿਕਾ ਨਿਭਾਈ। ਲਾਪਰਵਾਹੀ ਦੇ ਕਾਰਨ ਕਪਤਾਨ ਇਹ ਨਹੀਂ ਸਮਝ ਸਕਿਆ ਕਿ ਜਹਾਜ਼ ਰਸਤੇ ਤੋਂ ਭਟਕ ਗਿਆ ਹੈ। ਜਦ ਤੱਕ ਉਸ ਨੇ ਧਿਆਨ ਦਿੱਤਾ, ਜਦ ਤੱਕ ਜਹਾਜ਼ ਰਨਵੇ ਦੇ ਬਹੁਤ ਨੇੜੇ ਆ ਚੁੱਕਾ ਸੀ।

## ਅਮਰੀਕਾ ਵਿੱਚ ਬੋਰਡ ਆਫ ਐਜੂਕੇਸ਼ਨ ਤੇ ਸਿੱਖ ਆਗੂਆਂ ਵਿਚਾਲੇ ਮੀਟਿੰਗ

ਨੌਰਵਿਚ, 29 ਜਨਵਰੀ (ਪੋਸਟ ਬਿਊਰੋ)- ਅਮਰੀਕਾ 'ਚ ਸਿੱਖਾਂ ਬਾਰੇ ਖਾਸ ਜਾਣਕਾਰੀ ਨਾ ਹੋਣ ਕਾਰਨ ਅਕਸਰ ਸਿੱਖ ਨਸਲੀ ਹਮਲਿਆਂ ਦਾ ਸ਼ਿਕਾਰ ਹੁੰਦੇ ਹਨ। ਇਨ੍ਹਾਂ ਘਟਨਾਵਾਂ ਦਾ ਧਿਆਨ ਰੱਖਦਿਆਂ ਅਮਰੀਕਾ ਦੀਆਂ ਕੁਝ ਜਥੇਬੰਦੀਆਂ ਨੇ ਫੈਸਲਾ ਕੀਤਾ ਹੈ ਕਿ ਜੇ ਸਕੂਲਾਂ ਦੇ ਸਿਲੇਬਸ 'ਚ ਸਿੱਖਾਂ ਬਾਰੇ ਜਾਣਕਾਰੀ ਦਿੱਤੀ ਜਾਵੇ ਤਾਂ ਇਸ ਸਮੱਸਿਆ ਦਾ ਹੱਲ ਜੜ੍ਹੋਂ ਕੱਢਿਆ ਜਾ ਸਕਦਾ ਹੈ। ਸਵਰਨਜੀਤ ਸਿੰਘ ਖਾਲਸਾ ਡਾਇਰੈਕਟਰ ਯੂਨਾਈਟਿਡ ਸਿਖਜ਼ ਨੇ ਇਕ ਖਾਸ ਮੀਟਿੰਗ ਨੌਰਵਿਚ ਪਬਲਕਿ ਸਕੂਲ ਅਤੇ ਨੌਰਵਿਚ ਬੋਰਡ ਆਫ ਐਜੂਕੇਸ਼ਨ ਦੇ ਨੁਮਾਇੰਦਿਆਂ ਨਾਲ ਕਰਵਾਈ ਹੈ, ਜਿਸ ਵਿੱਚ ਸਿੱਖ ਕੋਲਾਸ਼ਨ ਦੇ ਮੈਂਬਰ ਵੀ ਸ਼ਾਮਲ ਹੋਏ। ਇਸ ਮੀਟਿੰਗ 'ਚ ਸਕੂਲ ਦੀ ਪ੍ਰਿੰਸੀਪਲ ਅਲੇਸਇੰਦ੍ਰੀਆ ਲਾਜ਼ਾਰੀ ਅਤੇ ਸਕੂਲ ਦੇ ਵਾਈਸ ਸੁਪਰਡੈਂਟ ਟੌਮ ਬੈਰਡ ਨੂੰ ਸਿੱਖਾਂ ਬਾਰੇ ਜਾਣਕਾਰੀ ਦਿੱਤੀ ਗਈ ਤੇ ਸਿੱਖਾਂ ਦੀਆਂ ਅਮਰੀਕਾ ਅਤੇ ਖਾਸ ਕਰਕੇ ਕੰਨੇਕਟਿਕਟ ਸੂਬੇ 'ਚ ਹਾਸਲ ਕੀਤੀਆਂ ਪ੍ਰਾਪਤੀਆਂ ਬਾਰੇ ਵੀ ਜਾਣੂ ਕਰਵਾਇਆ ਗਿਆ।
ਸਿੱਖ ਆਗੂਆਂ ਵੱਲੋਂ ਸਿਲੇਬਸ ਵਿੱਚ 1984 ਸਿੱਖ ਕਤਲੇਆਮ ਬਾਰੇ ਪਾਠ ਸ਼ਾਮਲ ਕਰਨ ਲਈ ਕਿਹਾ ਗਿਆ ਅਤੇ ਸਿੱਖਾਂ ਦੇ ਧਾਰਮਿਕ ਚਿੰਨ੍ਹਾਂ ਬਾਰੇ ਵੀ ਬੱਚਿਆਂ ਨੂੰ ਪੜ੍ਹਾਉਣ ਬਾਰੇ ਵਿਚਾਰਾਂ ਹੋਈਆਂ ਹਨ। ਇਸ ਦੌਰਾਨ ਸਕੂਲ 'ਚ ਪੰਜਾਬੀ ਵਿੱਚ ਲਿਖ ਕੇ 'ਜੀ ਆਇਆਂ ਨੂੰ' ਦੇ ਬੋਰਡ ਲਾਏ ਗਏ ਸਨ।

## ਜਾਪਾਨੀ ਕੰਪਨੀਆਂ ਨੂੰ ਭੇਜੇ ਪੱਤਰ ਵਿੱਚ ਸਾਈਨਾਈਡ ਹੋਣ ਦਾ ਸ਼ੱਕ

ਟੋਕੀਓ, 29 ਜਨਵਰੀ (ਪੋਸਟ ਬਿਊਰੋ)- ਜਾਪਾਨ ਦੀਆਂ 9 ਕੰਪਨੀਆਂ ਨੂੰ ਧਮਕੀ ਭਰੇ ਪੱਤਰ ਭੇਜੇ ਗਏ ਹਨ, ਜਿਸ ਵਿੱਚ ਸਫੈਦ ਰੰਗ ਦਾ ਪਾਊਡਰ ਹੈ। ਇਸ ਦੇ 'ਸਾਈਨਾਈਡ' ਹੋਣ ਦਾ ਸ਼ੱਕ ਹੈ।
ਇਸ ਸੰਬੰਧ ਵਿੱਚ ਪੁਲਸ ਦੇ ਬੁਲਾਰੇ ਨੇ ਕਿਹਾ ਕਿ ਇਹ ਪੱਤਰ ਜਾਪਾਨ ਦੇ ਡੂਮਸਡੇ ਪੰਥ 'ਅਮ ਸ਼ਿਨਰੀਕਿਊ' ਦੇ ਮੌਤ ਦੀ ਸਜ਼ਾ ਪਾਏ ਮੈਂਬਰਾਂ ਦੇ ਨਾਮ ਤੋਂ ਭੇਜੇ ਗਏ ਹਨ ਅਤੇ ਉਨ੍ਹਾਂ ਤੋਂ 31,000 ਡਾਲਰ ਬਿਟਕਵਾਈਨ (ਇਕ ਤਰ੍ਹਾਂ ਦੀ ਡਿਜ਼ੀਟਲ ਕਰੰਸੀ) ਦੇ ਰੂਪ ਵਿੱਚ ਮੰਗੇ ਗਏ ਹਨ। ਇਨ੍ਹਾਂ ਨੂੰ ਟੋਕੀਓ ਵਿੱਚ 1995 ਵਿੱਚ ਹੋਏ ਸੀਰਿਨ ਗੈਸ ਹਮਲੇ ਦਾ ਦੋਸ਼ੀ ਪਾਇਆ ਗਿਆ ਸੀ। ਉਨ੍ਹਾਂ ਨੇ ਕੰਪਨੀਆਂ ਦਾ ਨਾਮ ਲਏ ਬਗੈਰ ਕਿਹਾ, 'ਪ੍ਰਮੁੱਖ ਫਾਰਮਾਸਯੂਟਿਕਲ ਕੰਪਨੀਆਂ ਅਤੇ ਹੋਰ ਕੰਪਨੀਆਂ ਨੂੰ ਲਿਫਾਫੇ ਮਿਲੇ, ਜਿਸ ਵਿੱਚ ਧਮਕੀ ਭਰੇ ਪੱਤਰ ਹਨ ਅਤੇ ਇਨ੍ਹਾਂ ਵਿੱਚ ਸਫੈਦ ਪਾਊਡਰ ਨੁਮਾ ਪਦਾਰਥ ਲੱਗਾ ਹੋਇਆ ਹੈ।' ਬੁਲਾਰੇ ਨੇ ਦੱਸਿਆ ਕਿ ਪੱਤਰ ਵਿੱਚ ਲਿਖਿਆ ਹੈ, 'ਮੈਂ ਪੋਟਾਸ਼ੀਅਮ ਸਾਈਨਾਈਡ ਮਿਲੀ ਨਕਲੀ ਦਵਾਈ ਬਣਾਵਾਂਗਾ ਅਤੇ ਉਨ੍ਹਾਂ ਨੂੰ ਵੇਚ ਦੇਵਾਂਗਾ।' ਪੱਤਰ ਵਿੱਚ ਧਮਕੀ ਦਿੱਤੀ ਗਈ ਹੈ ਕਿ ਜੇ ਰਕਮ 22 ਫਰਵਰੀ ਤੱਕ ਨਹੀਂ ਦਿੱਤੀ ਗਈ ਤਾਂ 'ਦੁਰਘਟਨਾ ਹੋ ਕੇ ਰਹੇਗੀ।



Call for Free Estimates
A-1 RENOVATION
GTA INC
416-456-1462
OVER 15 YEARS OF SERVICE
Professionals in Completing Basements within 3 Weeks
New Basement $1,000 off with this flyer
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

Honesty, Reliability, Commitment
HIRA RANDHWA
Broker
Dir:416.319.0551 Off:905.913.8585
■ 1 yr Home Warranty
■ 40% Discount on Brand Name Appliances & Furniture
■ Free Evaluation & Lowest Commission
OPEN HOUSE UNTIL SOLD
Silvercity
www.HiraRandhawa.com
hirarandhawa@yahoo.ca
Brampton $579,900 — Hwy 10/Wlm Pkwy — 3 Bedroom, 3W/R, 1Bedroom Basement Detached, Freshly Painted, Modern Kitchen, Granite Counter Tops And Walk Out To Large Private Yard Perfect For Pvt. BBQ's
Malton $589,900 — Airport Rd/Steeles — 3 Bedroom, Semi-Detached, 3 Full Washrooms, Newly Painted, New Concrete Patio for summer BBQ, Newly Renovated 1 Bed Room Basmt. With Separate-Entrance
Malton $599,000 — Airport Rd/ Morning Star Dr — 4BR, 3WR, Large Lot, 3 Separate Apartments, Fully Renovated, 1BR Basmt.with Sep. Ent., Excellent For Investment Or Personal use, walk to Stores, Transportation, Sikh Temple
Brampton $729,000 — KingKnoll And Mclaughlin — 4Bed Rooms, 4Wash Rooms,2 Bed Room Basement, Close to Schools Sheridan College, Parks Shoppers World,Liabrary, Parks, Sikh Temple
Call For:
RESP, SUPER -VISA,& TRAVEL
Insurance
H.Randhawa
416-319-0551

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Road – See Kamal 905-458-4733
80 West Drive – See Ravinder 905-450-7200
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

MICHELIN HANKOOK Continental ROADLUX BFGoodrich AEOLUS
BEST TRUCK REPAIR & TIRE CENTRE
We also Specialize in Engine, Transmission, Differential Rebuild, Safety Inspection & All Kinds of Electric Work
ਟਰੱਕਾਂ ਦੇ ਟਾਇਰਾਂ ਤੇ ਇੰਜਣ /ਬੰਕ ਹੀਟਰ ਤੇ ਭਾਰੀ ਸੇਲ
7 ਦਿਨ ਖੁੱਲ੍ਹਾ
SPECIAL ON TRUCK ALIGNMENT
BRAND NEW MACHINES 2018
Chevron Delo
Brake & Drum -Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
Winter Sale Dhamaka
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

# ਸ੍ਰੀ ਗੁਰੂ ਸਿੰਘ ਸਭਾ ਮਾਲਟਨ ਵਿਖੇ

ਸ਼ਾਲੀ ਮੁਕਤਿਆਂ ਦੀ ਯਾਦ ਵਿੱਚ 13ਵਾਂ

## ਵਾਹਿਗੁਰੂ ਨਾਮ ਸਿਮਰਨ ਸਮਾਗਮ

14 ਜਨਵਰੀ ਤੋਂ 23 ਫਰਵਰੀ ਤੱਕ

**ਰੋਜ਼ਾਨਾ ਅੰਮ੍ਰਿਤ ਵੇਲੇ**

ਸੁਖਮਨੀ ਸਾਹਿਬ (ਸੰਗਤੀ ਰੂਪ) 3:00 ਤੋਂ 4:30 ਵਜੇ ਤੱਕ

"ਵਾਹਿਗੁਰੂ" ਸਿਮਰਨ 4:30 ਤੋਂ 5:30 ਵਜੇ ਤੱਕ

**ਰੋਜ਼ਾਨਾ ਸ਼ਾਮ ਨੂੰ**

"ਵਾਹਿਗੁਰੂ" ਸਿਮਰਨ 7:00 ਤੋਂ 8:00 ਵਜੇ ਤੱਕ

ਅੰਮ੍ਰਿਤ ਸੰਚਾਰ
23 ਫਰਵਰੀ ਸਵੇਰੇ
1:00 ਵਜੇ



Sri Guru Singh Sabha Malton Canada 905-671-1662
Watch Live on ATN & www.srigurusinghsabhamalton.com

Tri-City Professional Realty Inc., Brokerage — Number 1 Tri-City agent in Canada on basis of sales volume 2015

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ



- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777

31 Melanie Dr. Unit #4 Brampton, ON L6T 5H8

Avtar Singh Tiwana
Sales Rep




| Darcel/Brandon Gate | Chinguacousy/Sandalwood | Niagara Falls Ontario | Castlemore/Goreway |
|---|---|---|---|
| ਬਹੁਤ ਹੀ ਸੋਹਣਾ 3+1 ਬੈਡਰੂਮ, 2 ਵਾਸ਼ਰੂਮ ਦਾ ਸੈਮੀ ਡਿਟੈਚ ਘਰ, ਨਵੇਂ ਫਰੰਟ ਡੋਰ, ਈਟ ਇਨ ਕਿਚਨ, ਕੈਲੀਫੋਰਨੀਆ ਸ਼ਟਰਜ਼, ਸਹੂਲਤਾਂ ਵਿੱਚ ਗਰਾਜ ਉਪਨਰ, ਫਰਨਿਸ, ਲੈਮੀਨੇਟਡ ਫਲੋਰ। | 5 ਬੈਡਰੂਮ + 3 ਵਾਸ਼ਰੂਮ ਦਾ ਬਹੁਤ ਹੀ ਸੋਹਣਾ ਸੈਮੀ ਡੀਟੈਚਡ, ਡਬਲ ਸਟੋਰੀ ਘਰ, ਹਾਰਡਵੁਡ ਫਲੋਰ, ਡਬਲ ਡੋਰ ਗਰਾਜ, ਸਕੂਲ, ਬੱਸ ਸਟਾਪ, ਜਿਮ ਆਦਿ ਸਹੂਲਤਾਂ ਦੇ ਨੇੜੇ। | ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ। | 4 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਡਿਟੈਚਡ ਘਰ, 3500 ਸਕੇਅਰ ਫੁੱਟ, ਹਾਰਡਵੁਡ ਫਲੋਰ, ਮੇਨ ਫਲੋਰ ਨੂੰ ਡੇਂਨ, ਬੈਸਮੈਂਟ ਨੂੰ ਸੈਪਰੇਟ ਏਨਟਰੈਂਸ। ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਮਾਲ ਆਦਿ ਦੇ ਨੇੜੇ। |

# BEST CANADIAN TRUCK & FORKLIFT TRAINING CENTRE

Best Canadian Truck & Forklift Training Centre

Registered as a Private Career College Under the Private Career College Act. 2005



ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ ਦਿਤੀ ਜਾਂਦੀ ਹੈ

Open Seven Days

- AZ Tractor trailer program
- Manual transmission & backup training everyday
- We welcome welfare workers & compensation clients

Forklift Re-Certification Only $69.00/-



Karnail Singh

416.670.3173 | 905.799.7333
27 Edvac Dr, Brampton, ON L6S 5X8



# Matrimonial

ਰਿਸ਼ਤੇ ਹੀ ਰਿਸ਼ਤੇ

Starting at just $10

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਪਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜਿਲ੍ਹੇ ਨੂੰ ਪਹਿਲ, ਡਿਵੋਰਸੀ ਤੇ ਵੀ ਗੌਰ ਕੀਤੀ ਜਾ ਸਕਦੀ ਹੈ, ਲੜਕੇ ਦੀ ਭੈਣ ਕੇਨੇਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ jyot317@gmail.com

ਜੱਟ ਸਿੱਖ ਲੜਕਾ ਉਮਰ 29 ਸਾਲ, ਕੱਦ 6'2", MCOM, MBA & PGDCA ਅੰਮ੍ਰਿਤਧਾਰੀ ਵਿਜ਼ੀਟਰ ਵੀਜ਼ੇ ਤੇ ਆਏ ਲੜਕੇ ਲਈ PR/Citizen/Student ਲੜਕੀ ਦੀ ਲੋੜ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-643-4154

ਜੱਟ ਸਿੱਖ ਲੜਕਾ, ਉਮਰ 40 ਸਾਲ, ਕੱਦ 5'5", ਫਰਾਂਸ ਸਿਟੀਜ਼ਨ, ਇਕ 19 ਸਾਲਾਂ ਦੀ ਧੀ, ਪਤਨੀ ਦੀ ਮੌਤ ਨੂੰ 3 ਸਾਲ ਹੋ ਗਏ ਹਨ, ਕੈਨੇਡੀਅਨ PR ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 437-770-4806

Khatriboy 5'-7", Age 30 yrs, M.sc. in Mechanical eng. PR in Canada ਲਈ WorkPermit ਜਾਂ PR ਹੋਈ ਪੜ੍ਹੀ ਲਿਖੀ ਲੜਕੀ ਦੀ ਜਰੂਰਤ ਹੈ। – CASTE NO-BAR. For more info. Call 416-917-8804

ਜੱਟ ਸਿੱਖ ਗਿੱਲ ਲੜਕਾ, ਉਮਰ 31 ਸਾਲ, ਕੱਦ 5'6", ਪਿਛਲੇ 10 ਸਾਲਾਂ ਤੋਂ ਦੁਬਾਈ ਵਿੱਚ ਟੱਰਕ ਚਲਾ ਰਿਹ ਲੜਕੇ ਲਈ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 00918699923074 । 00971559436629(Whatsapp)

ਜੱਟ ਸਿੱਖ ਸੰਘਾ, ਇਕਲੋਤਾ ਲੜਕਾ, ਵੈਸ਼ਨੂੰ, ਉਮਰ 24 ਸਾਲ, ਕੱਦ 5'-7", ਰੰਗ ਗੋਰਾ, B.sc Computer Science, 30 Acre ਜ਼ਮੀਨ, District ਮੋਗਾ ਲਈ ਕੈਨੇਡੀਅਨ ਲੜਕੀ ਦੀ ਲੋੜ ਹੈ।
ਸੰਪਰਕ ਕਰੋ :- 647-631-9445 ਕੈਪਟਨ ਇਕਬਾਲ ਸਿੰਘ ਵਿਰਕ

Jat Sikh Boy, 23, 6'3", vegetarian, student in Canada. Canadian PR or Citizen preferred.
For more details kindly contact 216-556-2080.

ਜੱਟ ਸਿੱਖ ਲੜਕਾ ਉਮਰ 31 ਸਾਲ, ਗੋਤ ਗਿੱਲ, ਲੰਬਾਈ 5 ਫੁੱਟ 6 ਇੰਚ, ਜੋ ਕਿ ਦੁਬਈ ਵਿਚ ਪਿਛਲੇ ਦਸ ਸਾਲਾਂ ਤੋ ਟਰੱਕ ਚਲਾ ਰਿਹਾ ਹੈ, ਲਈ ਲੜਕੀ ਦੀ ਲੋੜ ਹੈ। ਸੰਪਰਕ- ਮੋਬਾ:00918699923074, ਵਟਸਐਪ-00971559436629

## ਲੜਕੀ ਦੀ ਲੋੜ

ਜੱਟ ਸਿੱਖ ਸੇਖੋਂ ਲੜਕਾ ਉਮਰ 36 ਸਾਲ, ਕੱਦ 5'-8", ਕੇਸ਼ਧਾਰੀ ਤੇ ਨਸ਼ੀਆਂ ਤੋਂ ਦੂਰ, A.Z Driver, Divorced ਲੜਕੇ ਲਈ Student/citizen ਜਾਂ ਵੀਜ਼ਿਟਰ ਵਿਜ਼ੇ ਤੇ ਆਈ ਲੜਕੀ ਦੀ ਲੋੜ ਹੈ।
ਸੰਪਰਕ ਕਰੋ- 647-456-8667 । joraward96@gmail.com

ਸਿੱਖ ਲੜਕਾ (TULI, KHATRI), ਉਮਰ 24 ਸਾਲ, ਕੱਦ 5'5, ਅੰਮ੍ਰਿਤਧਾਰੀ, ਪਟਿਆਲਾ, IELTS 6 Band, Diploma ITI Plumbing one year course, CTI Plumbing, Well Known business man's Son ਲਈ ਕੈਨੇਡੀਅਨ PR/Citizen ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-762-5375 । 905-455-8152

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11", ਨਸ਼ਿਆਂ ਤੋ ਦੂਰ, ਬੀ.ਏ ਪਾਸ ਲਈ ਕਨੇਡੀਅਨ ਪੀ ਆਰ ਜਾਂ ਵੀਜ਼ਿਟਰ ਲੜਕੀ ਦੀ ਲੋੜ ਹੈ, ਸਟੂਡੈਂਟ ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: +647 339 0864

ਉਮਰ 28 ਸਾਲ, ਕੱਦ 5'9", ਚੰਗੀ ਜੋਬ ਲਈ ਕੈਨੇਡੀਅਨ ਇੰਮੀਗਰੇਂਟ ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 647-524-6505

ਧਾਲੀਵਾਲ ਜੱਟ ਸਿੱਖ ਲੜਕਾ, ਵਿਜ਼ਟਰ ਵੀਜ਼ਾ, 27 ਸਾਲ, ਲਈ ਲੜਕੀ ਦੀ ਲੋੜ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ- 647-237-5343, 647-688-4149

ਜੱਟ ਸਿੱਖ ਕੁਲਾਰ ਲੜਕਾ, ਉਮਰ 27 ਸਾਲ, ਕੱਦ 5'10", Self Employed, ਵੱਰਕ ਵੀਜੇ ਤੇ ਆਏ ਲੜਕੇ ਲਈ, ਸੋਹਣੀ ਸੁਣਖੀ, ਲੰਮੀ ਤੇ ਪਤਲੀ P.R ਜਾਂ citizen ਲੜਕੀ ਦੀ ਲੋੜ ਹੈ। Student ਤੇ ਵੀ ਗੋਰ ਕੀਤੀ ਜਾ ਸਕਦੀ ਹੈ
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :
91-9888871813 । 306-612-4093
ਜਾਂ ਇ ਮੇਲ ਕਰੋ: kaurindergrewal@gmail.com

ਜੱਟ ਸਿੱਖ ਹੋਠੀ ਲੜਕਾ, ਉਮਰ 28 ਸਾਲ, ਲਈ ਕੈਨੇਡੀਅਨ ਸਿਟੀਜ਼ਨ / ਪੀ-ਆਰ / ਵਰਕ ਪਰਮਿਟ / ਬਿਨਾਂ ਬੱਚੇ ਤੋ ਤਲਾਕਸ਼ੁਦਾ ਲੜਕੀ ਦੀ ਜ਼ਰੂਰਤ ਹੈ। ਸਟੂਡੈਂਟ ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਲੜਕਾ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਇਆ ਹੋਇਆ ਹੈ। ਵਿਆਹ ਜਲਦੀ!! ਸੰਪਰਕ: 647-463-8060

## ਲੜਕੇ ਦੀ ਲੋੜ

ਜੱਟ ਸਿੱਖ ਲੱੜਕੀ, ਉਮਰ 29 ਸਾਲ, ਕੱਦ 5'-2", M.A Med, ਕੈਨੇਡਾ ਨੈਨੀ ਬੇਸ ਤੇ ਆਈ ਹੋਈ ਲੜਕੀ ਲਈ ਲੜਕੇ ਦੀ ਲੋੜ ਹੈ।
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
416-879-0439 । 289-801-4533
ਜਾਂ ਇ ਮੇਲ ਕਰੋ: lakhwinderdhindsa@yahoo.com

Beautiful sikh Ramgarhia girl (M.Com) 40 years 5'3" working as HR Manager, belongs to educated family in Yamuna Nagar, seeks suitable match and well settled Sikh boy in Canada. Girl currently in Canada. Contact 437-992-5196 ramanpreet.saggu@yahoo.com

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ **PR** ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

Looking for a Gursikh Boy Settled in Canada/US for Widowed girl (With a Son aged 6 Yrs), November 1981 born, Height 5'2"having a PR and permanent Job in Canada. Elder sister settled in USA. Contact +1 510-634-8364 (US), +91 9871991724 (WhatsApp/Call)

Tonk Kshatriya parents seeking a suitable match for their Canadian born girl, 34 yrs old, 5'3" tall, educated in accounting. The boy should be hindu punjabi, attractive, athletic, vegetarian, educated. Plz send biodata with recent pictures.
E -mail: matri.response2018@gmail. com

Looking for Canadian Smart match for Ramdasia girl in India, BDS 5-4 November 1990 born.working as lecturer in pvt dental college.father class 1 officer,mother govt job, grand father retired captain from army. Contact +91 9646609228, +91 7973001402.

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990, ਕੱਦ 5'4", ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ, ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 । 416-509-7252

ਜੱਟ ਸਿੱਖ ਲੜਕੀ ਉਮਰ 28 ਸਾਲ, ਕੱਦ 5'4", B.SC Nursing, Diploma, ਕੈਨੇਡਾ Express Entry ਰਾਹੀ PR ਅਪਲਾਈ ਲਈ pr ਜਾਂ Work permit ਤੇ ਪੜੇ-ਲਿਖੇ ਲੜਕੇ ਦੀ ਲੋੜ ਹੈ। ਲੁਧਿਆਣਾ ਜਿਲ੍ਹੇ ਨੂੰ ਪਹਿਲ।
ਸੰਪਰਕ ਕਰੋ: 647-616-4244, 647-328-1601 ਜਾਂ Whatsapp- 700-90-60-269

Beautiful Sikh Tonk Kshatriya Girl (M. Pharma) Dec 1988 5'4" working as Asst. Professor belongs to educated family from Amritsar seeks suitable match and well settled Sikh boy in Canada. Parents are in Canada on visitor visa.
Contact 647-624-7733 gpspreet@gmail.com

ਜੱਟ ਸਿੱਖ ਲੜਕੀ, ਉਮਰ 33 ਸਾਲ, ਇਕ ਬੱਚੀ ਸਾਢੇ 3 ਸਾਲ, ਲਈ ਲੜਕੇ ਦੀ ਲੋੜ ਹੈ। ਲੜਕੀ ਵਿਜ਼ਟਰ ਵੀਜ਼ੇ 'ਤੇ ਕੈਨੇਡਾ ਆਈ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: 647-239-4939, 734-377-4076

### City Translogistics Co.

ਨੂੰ ਡਰਾਈਵਰਾਂ ਦੀ ਲੋੜ ਹੈ

— City ਲਈ $22/hour
— Single Driver 80 cents/mile
— Minimum 1 year Experience US/Canada
— USA ਵਿੱਚ Pennsylvania, Maryland ਲਈ ਵਧੀਆ ਤਨਖਾਹ, ਵਧੀਆ ਮਾਹੋਲ।

ਜਿਆਦਾ ਜਾਣਕਾਰੀ ਲਈ: 647-632-1742

### ਨੈਨੀ ਦੀ ਲੋੜ ਹੈ!

Punjabi Speaking - Take Care of a 3Yr Old
Responsibilities Include Cleaning & Cooking
8hrs/day (Mon - Fri)
647.449.0033 | 416.823.2556

### Wanted Office Clerk & Office Administrator

- Fluent in English & Hindi are essential
- Good communication skills
- Good computer skills
- Willing to work in a fast paced work environment.

Please Email Resume at: molly@jfgroup.ca

### Cell n Tell Distribution Inc.

1-401 Traders Blvd E, Mississauga, ON

Requires F/T Permanent Position, "Cellular Telephone Technician " to diagnose faults, Install, arrange, remove, maintain cellphones and related equipment. Ability to work on circuit boards, wiring and associated hardware. Inspect and test cellular equipment. Repair or replace defective and damages parts, wiring and associated equipment.

- $29 per hr
- Experience: 3-5 years
- Education has to be secondary high school or equivalent experience

Email Resume at umar.w@cellntell.com

### STARLANE PAINTING

Residential ▪ Commercial ▪ Industrial

- Hotel • Motel • Exterior
- Interior • Spray Painting
- Office Painting • Drywall Fixing

ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ

7 Days A Week

Call For FREE Estimate

ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ

416.230.4000 • 647.409.1092
www.STARLANEPAINTING.com

ਹਰਜੀਤ ਘਨੋਆ

# ਡੇਰਾ ਸੱਚਾ ਸੌਦਾ ਕੇਸ ਵਿੱਚ ਮੈਡੀਕਲ ਅਫਸਰ ਦੇ ਵਾਰੰਟ ਨਿਕਲੇ



ਸਿਰਸਾ, 29 ਜਨਵਰੀ (ਪੋਸਟ ਬਿਊਰੋ)- ਡੇਰਾ ਸੱਚਾ ਸੌਦਾ ਸਿਰਸਾ ਵਿੱਚ ਨਾਜਾਇਜ਼ ਖੋਲ੍ਹੇ ਗਏ ਸਕਿਨ ਬੈਂਕ ਦੇ ਕੇਸ ਵਿੱਚ ਚਾਰ ਦੋਸ਼ੀ 24 ਜਨਵਰੀ ਨੂੰ ਅਦਾਲਤ ਦੀ ਸੁਣਵਾਈ ਤੋਂ ਗੈਰਹਾਜ਼ਰ ਸਨ। ਇਨ੍ਹਾਂ ਵਿੱਚੋਂ ਚੀਫ ਮੈਡੀਕਲ ਅਫਸਰ ਡਾ. ਐਮ ਪੀ ਸਿੰਘ ਦੇ ਅਦਾਲਤ ਨੇ ਗ੍ਰਿਫਤਾਰੀ ਵਾਰੰਟ ਦੇ ਕੀਤੇ ਹਨ। ਦੂਜੇ ਦੋਸ਼ੀਆਂ ਵਿੱਚ ਸ਼ਾਹ ਸਤਨਾਮ ਡਿਵੈਲਪਮੈਂਟ ਫਾਊਂਡੇਸ਼ਨ ਦੇ ਚੇਅਰਮੈਨ ਅਭਿਜੀਤ ਭਗਤ, ਚੀਫ ਆਪਰੇਟਿੰਗ ਅਫਸਰ ਓ ਪੀ ਕਾਸਨੀਆ ਅਤੇ ਸਕਿੱਨ ਤਕਨੀਸ਼ੀਅਨ ਬਲਬੀਰ ਸਿੰਘ ਦੇ ਖਿਲਾਫ ਅਦਾਲਤ ਨੇ ਜ਼ਮਾਨਤੀ ਵਾਰੰਟ ਕੱਢ ਕੇ ਪੇਸ਼ੀ ਲਈ ਕਿਹਾ ਹੈ। ਅਗਲੀ ਸੁਣਵਾਈ ਛੇ ਮਾਰਚ ਨੂੰ ਹੋਣੀ ਹੈ। ਅਦਾਲਤ ਨੇ ਦੋਸ਼ੀਆਂ ਨੂੰ ਪੇਸ਼ ਨਾ ਹੋਣ ਉੱਤੇ ਜੁਰਮਾਨੇ ਦੀ ਚਿਤਾਵਨੀ ਵੀ ਦਿੱਤੀ ਹੈ।

ਪਤਾ ਲੱਗਾ ਹੈ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਉਤੇ ਡਾ. ਸਵਪਨਿਲ ਗਰਗ ਹੇਠਲੀ ਅਦਾਲਤ ਵਿੱਚ ਪੇਸ਼ ਹੋਏ ਸਨ। ਅਦਾਲਤ ਨੇ ਦੋਸ਼ੀਆਂ ਨੂੰ ਨੋਟਿਸ ਭੇਜ ਕੇ 14 ਦਸੰਬਰ 2018 ਨੂੰ ਅਦਾਲਤ ਵਿੱਚ ਸੱਦਿਆ ਸੀ, ਪਰ ਉਹ ਪੇਸ਼ ਨਹੀਂ ਸਨ ਹੋਏ। ਡੇਰਾ ਸੱਚਾ ਸੌਦਾ ਦੇ ਸਕਿੱਨ ਬੈਂਕ ਨੂੰ ਸੀਲ ਕਰਨ ਤੋਂ ਬਾਅਦ ਸਿਹਤ ਵਿਭਾਗ ਨੇ ਕਾਨੂੰਨੀ ਕਾਰਵਾਈ ਹੇਠ ਜਨਵਰੀ 2018 ਨੂੰ ਅਦਾਲਤ ਵਿੱਚ ਦੋਸ਼ ਪੱਤਰ ਦਾਖਲ ਕੀਤਾ ਸੀ। ਵਰਨਣ ਯੋਗ ਹੈ ਕਿ ਡੇਰਾ ਸਿਰਸਾ ਦੇ ਸੁਪਰ ਸਪੈਸ਼ਲਿਟੀ ਹਸਪਤਾਲ ਦੇ ਅੰਦਰ ਬਿਨਾਂ ਲਾਇਸੈਂਸ ਤੋਂ ਇੱਕ ਸਕਿੱਨ ਬੈਂਕ ਵੀ ਖੁੱਲ੍ਹਾ ਹੋਇਆ ਸੀ। ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਸਜ਼ਾ ਹੋਣ ਪਿੱਛੋਂ ਪੰਜਾਬ ਹਰਿਆਣਾ ਹਾਈ ਕੋਰਟ ਨੇ ਸਿਰਸਾ ਡੇਰੇ ਦੀ ਤਲਾਸ਼ੀ ਦੀ ਹੁਕਮ ਦਿੱਤੇ ਤਾਂ ਜਾਂਚ ਵਿੱਚ ਸਕਿੱਨ ਬੈਂਕ ਨਾਜਾਇਜ਼ ਨਿਕਲਿਆ ਸੀ। ਇਸ ਦੀ ਰਜਿਸਟਰੇਸ਼ਨ ਨਹੀਂ ਕਰਵਾਈ ਗਈ ਸੀ।

# ਅੱਗੇ ਤੋਂ ਪੰਜਾਬ ਵਿੱਚ ਮੋਟਰ ਸਾਈਕਲਾਂ ਦੇ ਪਟਾਕੇ ਪਾਉਣ ਵਿਰੁੱਧ ਸਖਤੀ ਹੋਣ ਲੱਗੀ

ਚੰਡੀਗੜ੍ਹ, 29 ਜਨਵਰੀ (ਪੋਸਟ ਬਿਊਰੋ)- ਮੋਟਰ ਗੱਡੀਆਂ ਦੇ ਪ੍ਰੈਸ਼ਰ ਹਾਰਨਾਂ ਅਤੇ ਖਾਸ ਤੌਰ ਉੱਤੇ ਮੋਟਰ ਸਾਈਕਲਾਂ ਦੇ ਪਟਾਕੇ ਪਾਉਣ ਵਾਲੇ ਸਾਈਲੈਂਸਰਾਂ ਤੋਂ ਪੈਦਾ ਹੋਣ ਵਾਲੇ ਸ਼ੋਰ ਪ੍ਰਦੂਸ਼ਣ ਉਤੇ ਰੋਕ ਲਾਉਣ ਲਈ ਪੰਜਾਬ ਸਰਕਾਰ ਵੱਲੋਂ ਅਥਾਰਟੀਜ਼ ਨੂੰ ਸੂਬਾ ਪੱਧਰ 'ਤੇ ਵਿਸ਼ੇਸ਼ ਮੁਹਿੰਮ ਚਲਾਉਣ ਲਈ ਕਿਹਾ ਗਿਆ ਹੈ ਤਾਂ ਜੋ ਮੋਟਰ ਵਹੀਕਲ ਐਕਟ ਅਤੇ ਏਅਰ (ਪ੍ਰੀਵੈਂਸ਼ਨ ਐਂਡ ਕੰਟਰੋਲ ਆਫ ਪਾਲਿਊਸ਼ਨ ਐਕਟ) ਦੀ ਸਖਤੀ ਨਾਲ ਪਾਲਣਾ ਕਰਾਈ ਜਾ ਸਕੇ।

ਇਸ ਸੰਬੰਧ ਵਿੱਚ 'ਮਿਸ਼ਨ ਤੰਦਰੁਸਤ' ਪੰਜਾਬ ਦੇ ਡਾਇਰੈਕਟਰ ਕੇ ਐੱਸ ਪੰਨੂ ਦਾ ਕਹਿਣਾ ਹੈ ਕਿ ਸਰਕਾਰ ਦੇ ਪ੍ਰਮੁੱਖ ਪ੍ਰੋਗਰਾਮ 'ਮਿਸ਼ਨ ਤੰਦਰੁਸਤ' ਦੇ ਉਦੇਸ਼ਾਂ ਲਈ ਇਹ ਜ਼ਰੂਰੀ ਹੈ ਕਿ ਪ੍ਰੈਸ਼ਰ ਹਾਰਨਾਂ ਅਤੇ ਮੋਟਰ ਸਾਈਕਲਾਂ ਦੇ ਪਟਾਕੇ ਪਾਉਣ ਵਾਲੇ ਸਾਈਲੈਂਸਰਾਂ ਉੱਤੇ ਰੋਕ ਲਾਈ ਜਾਵੇ, ਕਿਉਂਕਿ ਇਸ ਨਾਲ ਲੋਕਾਂ ਦੀ ਸਿਹਤ ਉਪਰ ਸਰੀਰਕ ਅਤੇ ਮਾਨਸਿਕ ਪੱਖੋਂ ਮਾੜਾ ਪ੍ਰਭਾਵ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਟਰੈਫਿਕ ਪੁਲਸ ਅਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੂੰ ਮੋਟਰ ਵਹੀਕਲ ਐਕਟ ਅਤੇ ਏਅਰ ਐਕਟ ਨੂੰ ਲਾਗੂ ਕਰਨਾ ਯਕੀਨੀ ਬਣਾਉਣ ਲਈ ਹਰ ਮੰਗਲਵਾਰ ਪੰਜਾਬ ਦੀਆਂ ਮੁੱਖ ਅਤੇ ਪੇਂਡੂ ਸੜਕਾਂ ਉੱਤੇ ਚੈਕਿੰਗ ਲਈ ਵਿਸ਼ੇਸ਼ ਮੁਹਿੰਮ ਚਲਾਉਣ ਲਈ ਕਿਹਾ ਗਿਆ ਹੈ। ਕੇ ਐਸ ਪੰਨੂ ਨੇ ਦੱਸਿਆ ਕਿ ਏਅਰ ਐਕਟ ਦੀ ਧਾਰਾ 37 ਹੇਠ ਉਲੰਘਣਾ ਕਰਨ ਵਾਲੇ ਨੂੰ ਛੇ ਸਾਲ ਤੱਕ ਦੀ ਕੈਦ ਹੋ ਸਕਦੀ ਹੈ ਅਤੇ ਮੋਟਰ ਵਹੀਕਲ ਐਕਟ ਹੇਠ ਭਾਰੀ ਜੁਰਮਾਨਾ ਹੋ ਸਕਦਾ ਹੈ।

# ਸ਼੍ਰੋਮਣੀ ਕਮੇਟੀ ਪਾਕਿਸਤਾਨ ਵਿੱਚ ਗੁਰਦੁਆਰਿਆਂ ਦੀ ਜਾਇਦਾਦ ਦੇ ਕਬਜ਼ੇ ਛੁਡਵਾਏ: ਗਿਆਨੀ ਹਰਪ੍ਰੀਤ

ਅੰਮ੍ਰਿਤਸਰ, 29 ਜਨਵਰੀ (ਪੋਸਟ ਬਿਊਰੋ)- ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਹੈ ਕਿ ਪਾਕਿਸਤਾਨ ਦੇ ਜਿਨ੍ਹਾਂ ਗੁਰੂਧਾਮਾਂ ਦੀਆਂ ਇਮਾਰਤਾਂ ਦੀ ਹਾਲਤ ਖਸਤਾ ਹੈ ਅਤੇ ਜਿਨ੍ਹਾਂ ਉਨ੍ਹਾਂ ਦੀਆਂ ਜਾਇਦਾਦਾਂ 'ਤੇ ਕਬਜ਼ੇ ਹੋ ਚੁੱਕੇ ਹਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਨ੍ਹਾਂ 'ਤੋਂ ਕਬਜ਼ੇ ਛੁਡਵਾਉਣ ਦੀ ਮੁਹਿੰਮ ਸ਼ੁਰੂ ਕਰੇ। ਇਸ ਸੰਬੰਧ ਵਿੱਚ ਅਕਾਲ ਤਖਤ ਦੇ ਜਥੇਦਾਰ ਨੇ ਕਿਹਾ ਕਿ ਜਿਸ ਤਰ੍ਹਾਂ ਗੁਰਦੁਆਰਾ ਬਾਉਲੀ ਸਾਹਿਬ ਦੀ ਉਸਾਰੀ ਦੀ ਸੇਵਾ ਸ਼੍ਰੋਮਣੀ ਕਮੇਟੀ ਨੂੰ ਮਿਲੀ ਹੈ, ਉਸੇ ਤਰ੍ਹਾਂ ਹੋਰ ਗੁਰਦੁਆਰਿਆਂ ਦੀ ਉਸਾਰੀ ਅਤੇ ਇਮਾਰਤਾਂ ਦੇ ਸੁੰਦਰੀਕਰਨ ਦੀ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ ਤਾਂ ਕਿ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਮੌਕੇ ਸਾਰੇ ਗੁਰਦੁਆਰਿਆਂ ਦਾ ਸੁੰਦਰੀਕਰਨ ਹੋ ਸਕੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਗੁਰਦੁਆਰਾ ਡਾਂਗ ਮਾਰ, ਗੁਰਦੁਆਰਾ ਆਰਤੀ ਸਾਹਿਬ ਅਤੇ ਗੁਰਦੁਆਰਾ ਗਿਆਨ ਗੋਦੜੀ ਦੇ ਮਾਮਲੇ ਵੀ ਜਲਦੀ ਸੁਲਝਾਉਣ ਦੀ ਮੁਹਿੰਮ ਤੇਜ਼ ਕਰਨੀ ਚਾਹੀਦੀ ਹੈ। ਇਸ ਦੇ ਇਲਾਵਾ ਜਿਨ੍ਹਾਂ ਵੱਖ-ਵੱਖ ਇਤਿਹਾਸਕ ਗੁਰਦੁਆਰਾ ਸਾਹਿਬਾਂ ਬਾਰੇ ਅਦਾਲਤਾਂ ਵਿੱਚ ਵਿਵਾਦ ਚੱਲ ਰਹੇ ਹਨ ਉਨ੍ਹਾਂ ਵਿਵਾਦਾਂ ਦੇ ਹਲ ਦੇ ਯਤਨ ਕਰਨਾ ਚਾਹੀਦਾ ਹੈ।



ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਇਸ ਵੇਲੇ ਸਿੱਖ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਸਾਰੀ ਦੁਨੀਆ ਵਿੱਚ ਮਨਾ ਰਹੇ ਹਨ, ਇਹ ਪ੍ਰਕਾਸ਼ ਪੁਰਬ ਸਾਰੀ ਸੰਗਤ ਮਿਲ-ਜੁਲ ਕੇ ਮਨਾਏ, ਇਸ ਲਈ ਉਹ ਇਸ ਸਾਲ ਕਿਸੇ ਵੀ ਤਰ੍ਹਾਂ ਨਾਨਕ ਸ਼ਾਹੀ ਕੈਲੰਡਰ ਦੇ ਵਿਵਾਦ ਨੂੰ ਪੈਦਾ ਨਹੀਂ ਹੋਣ ਦੇਣਗੇ।

# ਭਾਰਤੀ ਹਵਾਈ ਫੌਜ ਦੇ ਜਹਾਜ਼ ਨੂੰ ਹਾਦਸਾ, ਪਾਇਲਟ ਸੁਰੱਖਿਅਤ

ਗੋਰਖਪੁਰ (ਯੂ ਪੀ), 29 ਜਨਵਰੀ (ਪੋਸਟ ਬਿਊਰੋ)- ਭਾਰਤੀ ਹਵਾਈ ਫੌਜ ਦਾ ਜੈਗੁਆਰ ਜਹਾਜ਼ ਕੱਲ੍ਹ ਉਤਰ ਪ੍ਰਦੇਸ਼ ਦੇ ਕੁਸ਼ੀਨਗਰ ਜ਼ਿਲੇ ਵਿੱਚ ਹਾਦਸਾ ਗ੍ਰਸਤ ਹੋ ਗਿਆ, ਪਰ ਪਾਇਲਟ ਸੁਰੱਖਿਅਤ ਬਾਹਰ ਨਿਕਲ ਆਇਆ। ਇਸ ਸੰਬੰਧ ਵਿੱਚ ਭਾਰਤੀ ਹਵਾਈ ਫੌਜ ਦੇ ਸੂਤਰਾਂ ਨੇ ਦੱਸਿਆ ਕਿ ਹੈਡਕੁਆਰਟਰ ਨੇ ਹਾਦਸੇ ਦੀ ਜਾਂਚ ਕਰਨ ਲਈ ਕੋਰਟ ਆਫ ਇਨਕੁਆਇਰੀ ਦੇ ਹੁਕਮ ਦਿੱਤੇ ਹਨ। ਪਤਾ ਲੱਗਾ ਹੈ ਕਿ ਫੌਜੀ ਜਹਾਜ਼ ਨੇ ਇੱਕ ਬਾਕਾਇਦਾ ਮਿਸ਼ਨ ਹੇਠ ਗੋਰਖਪੁਰ ਏਅਰ ਫੋਰਸ ਸਟੇਸ਼ਨ ਤੋਂ ਉਡਾਣ ਭਰੀ ਸੀ। ਜ਼ਿਲਾ ਮੈਜਿਸਟਰੇਟ ਅਨਿਲ ਕੁਮਾਰ ਸਿੰਘ ਨੇ ਕਿਹਾ ਕਿ ਜਦੋਂ ਜਹਾਜ਼ ਨੇ ਉਡਾਣ ਭਰੀ ਤਾਂ ਪਾਇਲਟ ਨੂੰ ਇਸ ਵਿੱਚ ਖਰਾਬੀ ਦਾ ਅਹਿਸਾਸ ਹੋਇਆ। ਪਾਇਲਟ ਨੇ ਫੌਰੀ ਜਹਾਜ਼ ਨੂੰ ਸੁਰੱਖਿਅਤ ਥਾਂ ਵੱਲ ਮੋੜ ਦਿੱਤਾ ਅਤੇ ਹਾਦਸਾ ਹੋਣ ਤੋਂ ਪਹਿਲਾਂ ਉਸ ਵਿੱਚੋਂ ਸੁਰੱਖਿਅਤ ਨਿਕਲ ਗਿਆ।


ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

ਕਿ ਤੁਸੀ Auto ਤੇ Home Insurance ਦੀਆਂ ਵਡੀਆਂ ਕਿਸ਼ਤਾਂ ਤੋਂ ਪਰੇਸ਼ਾਨ ਹੋ? Insurance ਕਰਵਾਈ ਸੀ ਪਰ ਬਣੀ ਨੀ ਗੱਲ?
ਤਾਂ ਘਬਰਾਓ ਨਾ ਸੁਜੀਤ ਮਾਜੁਮਦਾਰ ਨੂੰ ਕਾਲ ਕਰੋ ਤੇ ਆਪਣੇ ਪੈਸੇ ਬਚਾਓ!
If you have 'G' license, 3 years experience & a clean record call today for the lowest & best insurance rates
Sujit Majumdar
Agent
Cell: 647-292-1996
Paying too much for auto insurance?
Call today for best & low rates!
27 Rean Drive, Unit 11, Toronto, ON M2K 0A6

ਬੈਂਕ ਲੌਕਰ ਉਪਲੱਬਧ
24 ਘੰਟੇ ਐਡਵਾਂਸਡ ਸੁਰੱਖਿਆ
7 ਦਿਨ ਖੁਲ੍ਹਾ
905.789.8808

ਨੈਨੀ ਦੀ ਲੋੜ ਹੈ
Gore Rd & Ebenezer
•Must have own Transportation
•Must be from Brampton
Light House Duties
Cooking & Taking Care of two 5 year olds
From 2pm to 8pm
Contact: 416.648.2455

Get the right INSURANCE for you!
AUTO | HOME | BUSINESS
Life Insurance, Critical Illness, Disability, Super Visa Insurance, Travel & Visitor Insurance, Investments
Damanjit S. Kainth (KD) 416.554.1869
damanjit@hotmail.com

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

ਫੌਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

ਸਸਤੀਆਂ ਹਵਾਈ ਟਿਕਟਾਂ
RC Tours Specially Designed to Save Money in Travel
Tico# 50023814
○Special Flights to India and Pakistan
○Special Packages to cuba, mexico
○Online visa application (India)
○Cruise Booking ○Travel insurance
Manjit Batra
manjit.rctours@gmail.com | www.rctours.ca
647.766.3929/647.490.4650
3459 Sheppard Ave. East, Suite 207 Scarborough

GF1
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5 (Near Dixie Gurdwara)
647-710-7760
Email: info@gf1security.com
1085 Bellamy Rd (N) Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

RESIDENTIAL - COMMERCIAL PROPERTY - INDUSTRIAL
KARAM SINGH PUNIAN
Sales Representative
For all your Real Estate Need Call
416.262.2600
Email: karampunian@gmail.com
HomeLife Maple Leaf Realty Ltd.
80 Eastern Ave, Brampton, ON
Tel: 905.456.9090

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

PUNJABI RANG RADIO
CHKT 1430AM
11pm to 12am
Every Friday
Chamkaur Singh
Producer/ Host
Cell: 416 662 1313
Email: punjabirang13@hotmail.com

ਬਰੈਂਡ ਨਿਉ 2019 ਮਾਡਲ ਟ੍ਰੈਲਰ
Never used, all plated Utility Dry Van trailer FOR SALE or LEASE!
If you lease or buy you and have trouble finding parking feel free to contact us!
Sukhdev Singh
416.891.1100

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

A/Z ਡਰਾਈਵਰ ਅਤੇ ਉਨਰ ਅਪਰੇਟਰਾਂ ਦੀ ਲੋੜ
CAN TRUCK ਨੂੰ ਟੋਰਾਂਟੋ ਤੋਂ ਮੋਨਟ੍ਰੀਅਲ, ਵਿਨੀਪੈਗ, ਕੈਲਗਰੀ, ਵੈਨਕੂਵਰ ਅਤੇ ਟੋਰਾਂਟੋ ਤੋਂ USA, Michigan ਲਈ A/Z ਡਰਾਈਵਰਾਂ ਅਤੇ ਉਨਰ ਅਪਰੇਟਰਾਂ ਦੀ ਲੋੜ ਹੈ।
ਸਿਟੀ ਡਰਾਈਵਰ ਦੀ ਵੀ ਤੁਰੰਤ ਲੋੜ ਹੈ
- Everyday dedicated run
Single driver : 600-2000 miles
Team driver : 5500miles/weel for USA
- Yard to Yard work
- Per miles : $1.45
- Driver Rate : 48 cents
Call Jagtar Raman : (647) 292-5757
(905) 595-0408

MANN RENOVATION
ਘਰਾਂ ਦੀ ਰੈਨੋਵੇਸ਼ਨ ਜਿਵੇਂ ਬੇਸਮੈਂਟ ਬਨਾਉਣੀ, ਸਾਈਡ ਐਂਟਰੈਂਸ, ਵਾਸ਼ਰੂਮ ਬਨਾਉਣਾ, ਟਾਇਲਾਂ ਦਾ ਕੰਮ, ਕੰਕਰੀਟ ਆਦਿ । ਇਸ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦਾ ਇਲੈਕਟ੍ਰੀਕਲ ਕੰਮ, ਪਲੰਬਿੰਗ ਦਾ ਕੰਮ ਕਰਵਾਉਣ ਲਈ ਕਾਲ ਕਰੋ :
416 839 0647, 905-598-4640



www.BramptonTopRelator.com

# JAG AUJLA

REAL ESTATE BROKER

DIR: 416-371-7777

j.aujla@rogers.com www.jagaujla.com

RE/MAX Realty Specialist Inc., Brokerage (Independently Owned and Operated) Off: 905-456-3232

Other Realtors only Promise
But JAG AUJLA SOLD YOUR HOME WITH

GUARANTEED*

OR HE'LL BUY IT!*

*Some Conditions Apply

Top 1% Ranked In* Broker

Call For a Quick & Free Home Evaluation

www.BramptonQuickHomeEvaluation.com

(**2016,2015,2014,2013 2012,2011,2010) **(2009,2008) **(RE/MAX International) **(2010) **(2014)

** Based on Commissions earned

## Urgently Need New Listing in Brampton/GTA Call Jag Today To Sell Your Property For Top $$$ & Accurate Price





BRAMPTON $679,905

ਚਿੰਗਕੁਜ਼ੀ/ਵੀਲੀਅਮ ਪਾਕ੍ਵੇ

ਬਹੁਤ ਹੀ ਸੋਹਣਾ 4+1 ਬੈਡਰੂਮ ਐਡ 4 ਵਾਸ਼ਰੂਮ ਘਰ, ਨਵਾਂ ਪੇਂਟ, ਲੇਮੀਨੇਟ ਫਲੋਰ, ਸਟੇਨਲੈਸ ਸਟੀਲ ਅਪਲਾਇੰਸਸ, ਨਵੇਂ ਰੂਫ ਸ਼ਿੰਗਲ 2018, ਗਰੇਨਾਇਟ ਕਾਂਉਟਰ ਟਾਪ, ਮਾਸਟਰ ਬੈਡਰੂਮ ਨੂੰ 5 ਪੀਸ ਇੰਨ ਸੂਟ, ਆਦਿ ਸਹੂਲਤਾਂ ਦੇ ਨੇੜੇ।





BRAMPTON $839,905

ਬਰੈਮਲੀ/ਸੈਂਡਲਵੁਡ

ਬਹੁਤ ਹੀ ਸੋਹਣਾ 4 ਬੈਡਰੂਮ ਦਾ ਡਿਟੈਚ ਘਰ, ਜਿਸ ਵਿੱਚ ਕਿ 2 ਬੈਡਰੂਮ ਦੀ ਫੀਨਿਸ਼ਡ ਬੈਸਮੈਂਟ ਬਣੀ ਹੋਈ ਹੈ, ਹਾਰਡਵੁਡ ਫਲੋਰ, ਸਟੇਨਲੈਸ ਸਟੀਲ ਅਪਲਾਇੰਸਿਸ, ਮਾਸਟਰ ਬੈਡਰੂਮ ਨੂੰ 5 ਪੀਸ ਇੰਸੂਟ, ਸਕੂਲ, ਪਾਰਕ ਆਦਿ ਸਹੂਲਤਾਂ ਦੇ ਨੇੜੇ।





BRAMPTON $1,469,905

ਗੋਰਵੇ/ਕੰਟਰੀਸਾਇਡ

ਸੋਹਣਾ ਤੇ ਸਾਫ ਸੁਥਰਾ 4 ਬੈਡਰੂਮ (approx.4100 sqft), 5 ਵਾਸ਼ਰੂਮ ਵਾਸ਼ਰੂਮ ਦਾ ਡਿਟੈਚਡ ਘਰ, ਬੈਸਮੈਂਟ ਨੂੰ ਸੇਪਰੇਟ ਇੰਟਰੈਂਸ, ਬਹੁਤ ਸਾਰੀਆਂ ਅਪਗਰੇਡਜ਼ , 3 ਕਾਰ ਗਰਾਜ, ਸਟੇਨਲੈਸ ਸਟੀਲ ਅਪਲਾਇੰਸਿਸ, ਸਕੂਲ, ਪਾਰਕ, ਪਲਾਜ਼ਾ ਆਦਿ






BRAMPTON $779,905

ਏਅਰਪੋਟ ਰੋਡ/ ਕੈਸਲਮੋਰ

SOLD AT 99% OF ASKING IN 2 WEEKS





BRAMPTON $1,699,905

ਕਵੀਨ/ਮਿਸੀਸਾਗਾ ਰੋਡ

ਬਹੁਤ ਹੀ ਵਧੀਆ 5+1 ਬੈਡਰੂਮ (approx.5000 sqft), 5 ਵਾਸ਼ਰੂਮ ਦਾ ਘਰ ਜਿਸ ਨੂੰ ਕਿ +3 ਕਾਰ ਗਰਾਜ, +7 ਕਾਰਾਂ ਦੀ ਬਾਹਰ ਪਾਰਕਿੰਗ, ,10 ਫੁੱਟ ਸੀਲਿੰਗ, 9 ਫੁੱਟ ਸੀਲਿੰਗ, ਅਪਗ੍ਰੇਡਜ਼, 90 ਪੋਟ ਲਾਈਟਸ, ਹਾਰਡਵੁਡ ਫਲੋਰ, ਆਦਿ ਸਹੂਲਤਾਂ ਦੇ ਨੇੜੇ।





BRAMPTON $839,905

ਵੀਲਿਅਮਜ਼ ਪਾਕ੍ਵੇ/ਜੇਮਜ਼ ਪੋਟਰ

ਬਹੁਤ ਸੋਹਣਾ 4+1 ਬੈਡਰੂਮ , 4 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, ਫੀਨਿਸ਼ਡ ਬੈਸਮੈਂਟ ਨੂੰ ਸੇਪਰੁਟ ਏਂਟਰੈਂਸ, 9 ਫੁੱਟ ਸਿਲਿੰਗ, ਕਿਚਨ ਨੂੰ ਸਟੇਨਲੈਸ ਸਟੀਲ ਅਪਲਾਇੰਸਸ, ਮਾਸਟਰ ਬੈਡਰੂਮ ਨੂੰ 5 ਪੀਸ ਇਨ ਸੂਟ, ਸਕੂਲ, ਪਲਾਜ਼ਾ, ਆਦਿ



# REXDALE BODY SHOP

USED CAR SALE



CHEEMA

LOWEST PRICE IN TOWN

Towing Service Car Paint Starts $799*upto 100% Deductible Paid*

Specialization In:

- All Kinds of Body Work
- Auto Glass Windshield
- Denting, Painting & Welding

ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ

SPECIAL PAINT JOB $779

RENTAL CAR PROVIDED



25 years of Canadian Experience

OPEN MON - SAT 9AM TO 7PM

Call Rick or Manminder Cheema: 416.749.9596 /416.951.6431

30 Racine Rd. Toronto, ON, M9W 2Z3, FAX: 416.749.9597

www.AAABODYSHOP.ca

mcheemaaaa@hotmail.com



Carte WEALTH MANAGEMENT INC.

# KANG TAX & FINANCIAL SERVICES



Sukhwinder Kang
(M.Sc. CFP)
Financial Advisor

- Personal and Corporate Tax Filings**
- RDSP, RESP, RRSP, TFSA Plans*
- Home and Auto Insurance***

Free Tax Filing For New Immigrants

416-271-4877 Email: sukhwinder.kang@cartewm.com

2645 ISLINGTON AVENUE, Unit # 101
ALBION & ISLINGTON, ETOBICOKE
OVER INDIA BAZAR GROCERY STORE

* Mutual funds provided by Carte Wealth Management Inc.
** Tax planning and filings provided by Kang Tax & Financial Services
*** Property & Casualty Insurance provided by Armour Insurance Brokers Ltd.





# Grand Upholstery Ltd

Sofa Company Originality in Every Piece

Special on Sale

- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ



ਕੁਆਲਿਟੀ ਮੂਹੋਂ ਬੋਲਦੀ ਹੈ

Tel: 905.791.2888 Cell: 647.293.3212

5 Edvac Drive # 5 & 6 Brampton ON L6S 5P3 Email: grandupholstery@gmail.com



IFS

# INTERSTATE FREIGHT SYSTEMS INC.

## A/Z ਡਰਾਈਵਰ ਤੇ ਡਿਸਪੈਚਰ ਦੀ ਲੋੜ

USA, Montreal, Montreal Local Within Ontario ਤੇ Local GTA ਵਾਸਤੇ AZ ਡਰਾਇਵਰਾਂ ਦੀ ਲੋੜ ਹੈ

Also Hiring Owner Operators for local work

- 2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
- ਡਰਾਇਵਰਾਂ ਦਾ CVOR Abstract ਚਾਹੀਦਾ ਹੈ
- Experienced ਡਿਸਪੈਚਰਾਂ ਦੀ ਵੀ ਲੋੜ ਹੈ

Please send resume at:
jgill@interstatefreightsystem.com
Call: 416-452-0677, 647-448-3500
(Monday to Friday | 10am to 5pm)

IFS



# Jobs Jobs Jobs

## General Labour/ Drivers/ Window Assemblers & Machine Operators

## ਅੱਜ ਆਓ ਤੇ ਕੱਲ ਕੰਮ ਤੇ ਜਾਓ

- Full time/Part time workers Needed
- Morning & Afternoon Shifts Available
- 12 ਘੰਟੇ ਦੀਆਂ Shifts Available ਹਨ
- 6 ਦਿਨ ਕੰਮ ਉਪਲਬੱਧ ਹੈ।
- ਦਿਨ ਅਤੇ ਰਾਤ ਦੀਆਂ ਸਾਰੀਆਂ Shifts Available ਹਨ
- ਕੰਮ ਦੀ ਟ੍ਰੇਨਿੰਗ ਪਹਿਲਾਂ ਦਿਤੀ ਜਾਵੇਗੀ

ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:-

416.477.3344 (Neha)

2355 Derry Rd E, Unit #20, 2nd Floor, Mississauga
Torbram/Derry intersection ਦੇ ਨੇੜੇ

# ਮੂੰਹੋ ਬੋਲਦੀ Kitchen and Washroom ਬਣਵਾਓ

## Pearson
### Kitchen & Cabinet

**Free Estimate**
We Specialize in granite, quartz & marble countertops

**100%** Satisfaction
On Time





## We Specialize In:

- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor

**ਵਾਜਿਬ ਦਾਮ ਤੇ ਸਮੇਂ ਸਿਰ ਕੰਮ**

Call **Vikramjit Sangha: 416-200-0931**

**Special Discount for Contractors | Buy Direct From The Factory**

**271 - Glidden Rd. Unit#5, Brampton (Kennedy&Glidden)**



# ASIAN FOOD CENTRE



## SERVING FROM 10 LOCATIONS IN ALL THE GTA AREA:

1. 621 Wanless drive unit 122 Brampton ON L7A 0A9 ............ 905-495-3336
2. 80 Pertosa Drive Brampton ON L5X-5E9 ............ 905-460-0009
3. 2120 North park drive Brampton ON L6S 0C9 ............ 905-793-1338
4. 284 Orenda Road #13 Brampton ON L6T 5S3 ............ 905-450-9167
5. 10 Westmore Drive Etobicoke ON M9V-3Z7 ............ 416-740-3262
6. 1075 Ceremonial Drive Mississauga ON L5R-2Z4............ 905-502-1600
7. 308 Eddystone Ave North York ON M3N-1H7 ............ 416-740-3360
8. 10510 Torbram Road, Brampton ............ 905-790-0030
9. 10 Pannahill Dr, Brampton ............ 905 913-8017
10. 21 Lacoste Blvd, Brampton, ON L6P 2K2 ............ 905 794-8109




CENTURY 21®
PRESIDENT
REALTY INC. BROKERAGE
Each office is independently owned and operated.
21
WE ARE THE
Top 30 Offices in Canada
#30
OFFICE BY PRODUCTION IN CANADA
DOUBLE CENTURION® OFFICE
DOUBLE CENTURION® PRODUCER
GURMINDER GILL
SALES REPRESENTATIVE
SUKH BHAURA
BROKER
DALBIR THANDI
SALES REPRESENTATIVE
CENTURION® PRODUCER
SUKHVIR JAWANDHA
SALES REPRESENTATIVE
RACHNA SINGH
SALES REPRESENTATIVE
DAVINDER SINGH ATHI
SALES REPRESENTATIVE
MASTERS EMERALD
PRITPAL SODHI
Sales Representative
Congratulations
MASTERS RUBY
Kamal Sandhu
Sales Representative
Ram Sahib
Broker
Rachhpal Grewal
Sales Representative
Sukhjinder Dhindsa
Sales Representative
Jagdish Grewal
Sales Representative
Mandeep Grewal
Broker
MASTERS SILVER
Gurdeep Saini
Sales Representative
Gurtaj Bhatti
Sales Representative
Manpuneet Chohan
Sales Representative
Pankaj Arora
Sales Representative
Satinder Mangat
Sales Representative
Raja Randhawa
Sales Representative
21
MASTERS SILVER
Raj Sekhon
Broker
Austa Gharibyar
Sales Representative
Gary Multani
Sales Representative
Shawn Grewal
Sales Representative
Bhupinder Dult
Sales Representative